Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

Vol : 3 : # ਅੰਕ 318 | 12/03/2025 | www.samajweekly.com | samajweekly | @samajweekly | samajweekly


# ਬਲੋਚਿਸਤਾਨ ਲਿਬਰੇਸ਼ਨ ਆਰਮੀ ਵੱਲੋਂ ਛੇ ਸੁਰੱਖਿਆ ਮੁਲਾਜ਼ਮਾਂ ਦੀ ਹੱਤਿਆ ਤੇ 100 ਤੋਂ ਵੱਧ ਯਾਤਰੀਆਂ ਨੂੰ ਬੰਧਕ ਬਣਾਇਆ

## ਪਾਕਿ ਸੁਰੱਖਿਆ ਬਲਾਂ ਨੇ ਅਗਵਾ ਰੇਲਗੱਡੀ ’ਚੋਂ 80 ਯਾਤਰੀ ਛੁਡਾਏ, 13 ਦਹਿਸ਼ਤਗਰਦਾਂ ਨੂੰ ਮਾਰ ਮੁਕਾਉਣ ਦਾ ਦਾਅਵਾ

**ਕਰਾਚੀ।** ਪਾਕਿਸਤਾਨ ਦੇ ਗੜਬੜਜ਼ਦਾ ਸੂਬੇ ਬਲੋਚਿਸਤਾਨ ਵਿੱਚ ਅੱਜ ਅਣਪਛਾਤੇ ਬੰਦੂਕਧਾਰੀਆਂ ਨੇ ਜਾਫ਼ਰ ਐਕਸਪ੍ਰੈੱਸ ਰੇਲਗੱਡੀ ’ਤੇ ਗੋਲੀਬਾਰੀ ਕੀਤੀ ਤੇ 100 ਤੋਂ ਵੱਧ ਯਾਤਰੀਆਂ ਨੂੰ ਅਗਵਾ ਕਰ ਲਿਆ। ਉਂਝ ਹਮਲੇ ਵਿੱਚ ਕਈ ਯਾਤਰੀ ਜ਼ਖ਼ਮੀ ਹੋ ਗਏ। ਇਸ ਦੌਰਾਨ ਸਰਕਾਰੀ ਤਰਜਮਾਨ ਮੁਤਾਬਕ ਸੁਰੱਖਿਆ ਬਲਾਂ ਨੇ 80 ਯਾਤਰੀਆਂ ਨੂੰ ਛੁਡਾ ਲਿਆ ਹੈ, ਜਿਨ੍ਹਾਂ ਵਿਚ 43 ਮਰਦ, 26 ਮਹਿਲਾਵਾਂ ਤੇ 11 ਬੱਚੇ ਸ਼ਾਮਲ ਹਨ। ਸੁਰੱਖਿਆ ਬਲਾਂ ਨੇ 13 ਦਹਿਸ਼ਤਗਰਦਾਂ ਨੂੰ ਮਾਰ ਮੁਕਾਉਣ ਦਾ ਦਾਅਵਾ ਕੀਤਾ ਹੈ। ਬਲੋਚਿਸਤਾਨ ਸਰਕਾਰ ਦੇ ਤਰਜਮਾਨ ਸ਼ਾਹਿਦ ਰਿੰਦ ਨੇ ਕਿਹਾ ਕਿ ਅਜੇ ਵੀ 400 ਦੇ ਕਰੀਬ ਯਾਤਰੀ ਰੇਲਗੱਡੀ ’ਤੇ ਮੌਜੂਦ ਹਨ, ਜੋ ਸਲਾਮਤੀ ਦਸਤਿਆਂ ਤੇ ਦਹਿਸ਼ਤਗਰਦਾਂ ਵਿਚਾਲੇ ਜਾਰੀ ਗੋਲੀਬਾਰੀ ਕਰਕੇ ਸੁਰੰਗ ਵਿਚ ਫਸੇ ਹੋਏ ਹਨ। ਇਸ ਦੌਰਾਨ ਪਾਕਿਸਤਾਨ ਰੇਲਵੇ ਨੇ ਕੋਇਟਾ ਰੇਲਵੇ ਸਟੇਸ਼ਨ ’ਤੇ ਐਮਰਜੰਸੀ ਡੈਸਕ ਸਥਾਪਿਤ ਕੀਤਾ ਹੈ ਕਿਉਂਕਿ ਲੋਕਾਂ ਵੱਲੋਂ ਰੇਲਗੱਡੀ ਵਿਚ ਮੌਜੂਦ ਆਪਣੇ ਸਕੇ ਸਬੰਧੀਆਂ ਬਾਰੇ ਲਗਾਤਾਰ ਜਾਣਕਾਰੀ ਮੰਗੀ ਜਾ ਰਹੀ ਹੈ। ਉਧਰ ਸੀਬੀ ਹਸਪਤਾਲ ਵਿਚ ਐਮਰਜੈਂਸੀ ਐਲਾਨਦਿਆਂ ਮੈਡੀਕਲ ਸਟਾਫ਼ ਨੂੰ ਤਿਆਰ ਬਰ ਤਿਆਰ ਰਹਿਣ ਲਈ ਕਿਹਾ ਗਿਆ ਹੈ। ਬਲੋਚਿਸਤਾਨ ਸਰਕਾਰ ਦੇ ਤਰਜਮਾਨ ਸ਼ਾਹਿਦ ਰਿੰਦ ਨੇ ਕਿਹਾ, ‘‘ਕੋਇਟਾ ਤੋਂ ਖੈਬਰ




ਪਖ਼ਤੂਨਖਵਾ ਦੇ ਪਿਸ਼ਾਵਰ ਜਾ ਰਹੀ ਜਾਫ਼ਰ ਐਕਸਪ੍ਰੈੱਸ ਰੇਲਗੱਡੀ ’ਤੇ ਪੀਰੂ ਕੋਨੇਰੀ ਅਤੇ ਗਦਲਾਰ ਵਿਚਾਲੇ ਗੋਲੀਬਾਰੀ ਹੋਈ।’’ ਬਲੋਚਿਸਤਾਨ ਲਿਬਰੇਸ਼ਨ ਆਰਮੀ (ਬੀਐੱਲਏ) ਨੇ ਦਾਅਵਾ ਕੀਤਾ ਹੈ ਕਿ ਉਸ ਨੇ ਰੇਲਗੱਡੀ ਪਟੜੀ ਤੋਂ ਲਾਹ ਕੇ ਆਪਣੇ ਕਬਜ਼ੇ ਵਿੱਚ ਲੈ ਲਈ ਹੈ। ਬੀਐੱਲਏ ਦੇ ਦਾਅਵੇ ਮੁਤਾਬਕ ਛੇ ਸੁਰੱਖਿਆ ਮੁਲਾਜ਼ਮਾਂ ਦੀ ਹੱਤਿਆ ਕਰਨ ਮਗਰੋਂ 100 ਯਾਤਰੀਆਂ ਨੂੰ ਬੰਦੀ ਬਣਾਇਆ ਗਿਆ ਹੈ ਜਿਨ੍ਹਾਂ ਵਿੱਚ ਡਿਊਟੀ ’ਤੇ ਤਾਇਨਾਤ ਮੁਲਾਜ਼ਮ ਵੀ ਸ਼ਾਮਲ ਹਨ। ਹਾਲਾਂਕਿ, ਇਸ ਜਥੇਬੰਦੀ ਦੇ ਦਾਅਵੇ ਦੀ ਕੋਈ ਪੁਸ਼ਟੀ ਨਹੀਂ ਹੋਈ ਹੈ। ਜਾਫ਼ਰ ਐਕਸਪ੍ਰੈੱਸ, ਜਿਸ ਦੇ ਨੌਂ ਡੱਬਿਆਂ ਵਿਚ ਕੁੱਲ 500 ਯਾਤਰੀ ਸਵਾਰ ਸਨ, ਕੋਇਟਾ ਤੋਂ ਪੇਸ਼ਾਵਰ ਜਾ ਰਹੀ ਸੀ, ਜਦੋਂ ਹਥਿਆਰਬੰਦ ਵਿਅਕਤੀਆਂ ਨੇ ਗਦਲਾਰ ਤੇ ਪੀਰੂ ਕੋਨੇਰੀ ਦੇ ਪਹਾੜੀ ਇਲਾਕੇ ਵਿਚ ਇਕ ਸੁਰੰਗ ’ਚ ਰੇਲਗੱਡੀ ਦਾ ਰਾਹ ਰੋਕ ਲਿਆ। ਉਨ੍ਹਾਂ ਰੇਲਗੱਡੀ ’ਤੇ ਗੋਲੀਆਂ ਚਲਾਈਆਂ, ਜਿਸ ਨਾਲ ਕਈ ਯਾਤਰੀ ਜ਼ਖ਼ਮੀ ਹੋ ਗਏ। ਮਗਰੋਂ ਉਨ੍ਹਾਂ ਸੌ ਤੋਂ ਵੱਧ ਯਾਤਰੀਆਂ ਨੂੰ ਬੰਧਕ ਬਣਾ ਲਿਆ। ਇਸ ਤੋਂ ਪਹਿਲਾਂ ਬੀਐੱਲਏ ਨੇ ਚਿਤਾਵਨੀ ਦਿੱਤੀ ਸੀ ਕਿ ਜੇਕਰ ਪਾਕਿਸਤਾਨੀ ਫੌਜ ਨੇ ਕੋਈ ਕਾਰਵਾਈ ਕੀਤੀ ਤਾਂ ਸਾਰੇ ਬੰਧਕਾਂ ਨੂੰ ਮਾਰ ਦਿੱਤਾ ਜਾਵੇਗਾ। ਇਸ ਜਥੇਬੰਦੀ ’ਤੇ ਪਾਕਿਸਤਾਨ, ਬਰਤਾਨੀਆ ਤੇ ਅਮਰੀਕਾ ਨੇ ਪਾਬੰਦੀ ਲਗਾਈ ਹੋਈ ਹੈ। ਮੌਤਾਂ ਸਬੰਧੀ ਕੋਈ ਸਰਕਾਰੀ ਅੰਕੜਾ ਮੌਜੂਦ ਨਹੀਂ ਹੈ ਪਰ ਸੁਰੱਖਿਆ ਸੂਤਰਾਂ ਦਾ ਕਹਿਣਾ ਹੈ ਕਿ ਗੋਲੀਬਾਰੀ ਵਿੱਚ ਰੇਲਗੱਡੀ ਦਾ ਚਾਲਕ ਤੇ ਕਈ ਯਾਤਰੀ ਜ਼ਖ਼ਮੀ ਹੋਏ ਹਨ। ਬਚਾਅ ਦਲ ਤੇ ਸੁਰੱਖਿਆ ਬਲ ਮੌਕੇ ’ਤੇ ਪਹੁੰਚ ਗਏ ਸਨ।

## ਪੁਲਿਸ ਨੇ ਪਲਾਮੂ ਵਿੱਚ ਇੱਕ ਮੁਕਾਬਲੇ ਦੌਰਾਨ ਗੈਂਗਸਟਰ ਅਮਨ ਸਾਅ ਨੂੰ ਮਾਰ ਦਿੱਤਾ

**ਝਾਰਖੰਡ।** ਝਾਰਖੰਡ ਦੇ ਪਲਾਮੂ ਜ਼ਿਲ੍ਹੇ ਵਿੱਚ ਇੱਕ ਮੁਕਾਬਲੇ ਦੌਰਾਨ ਪੁਲਿਸ ਨੇ ਗੈਂਗਸਟਰ ਅਮਨ ਸਾਵ ਨੂੰ ਮਾਰ ਦਿੱਤਾ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਇਹ ਮੁਕਾਬਲਾ ਉਸ ਸਮੇਂ ਹੋਇਆ ਜਦੋਂ ਗੈਂਗਸਟਰ ਅਮਨ ਸਾਵ ਦੇ ਗੈਂਗ ਮੈਂਬਰ ਉਸ ਨੂੰ ਪੁਲਿਸ ਹਿਰਾਸਤ ਵਿੱਚੋਂ ਛੁਡਾਉਣ ਦੀ ਕੋਸ਼ਿਸ਼ ਕਰ ਰਹੇ ਸਨ। ਰਾਜ ਦੇ ਪੁਲਿਸ ਡਾਇਰੈਕਟਰ ਜਨਰਲ (ਡੀਜੀਪੀ) ਅਨੁਰਾਗ ਗੁਪਤਾ ਨੇ ਇੱਕ ਦਿਨ ਪਹਿਲਾਂ ਕਿਹਾ ਸੀ ਕਿ ਝਾਰਖੰਡ ਵਿੱਚ ਜ਼ਿਆਦਾਤਰ ਅਪਰਾਧ ਜੇਲ੍ਹਾਂ ਦੇ ਅੰਦਰ ਰਚੇ ਜਾਂਦੇ ਹਨ ਅਤੇ ਅਪਰਾਧਿਕ ਗਿਰੋਹਾਂ ਦੀ ਮਦਦ ਨਾਲ ਅੰਜਾਮ ਦਿੱਤੇ ਜਾਂਦੇ ਹਨ। ਇਹ ਘਟਨਾ ਉਨ੍ਹਾਂ ਦੇ ਬਿਆਨ ਤੋਂ ਇੱਕ ਦਿਨ ਬਾਅਦ ਸਾਹਮਣੇ ਆਈ ਹੈ। ਉਨ੍ਹਾਂ ਕਿਹਾ ਕਿ ਇਹ ਮੁਕਾਬਲਾ ਮੰਗਲਵਾਰ ਸਵੇਰੇ ਉਦੋਂ ਹੋਇਆ ਜਦੋਂ 150 ਤੋਂ ਵੱਧ ਮਾਮਲਿਆਂ ਵਿੱਚ ਦੋਸ਼ੀ ਅਤੇ ਕੁਝ ਮਾਮਲਿਆਂ ਵਿੱਚ ਦੋਸ਼ੀ ਠਹਿਰਾਏ ਗਏ ਗੈਂਗਸਟਰ ਨੂੰ ਛੱਤੀਸਗੜ੍ਹ ਦੀ ਰਾਏਪੁਰ ਜੇਲ੍ਹ ਤੋਂ ਰਾਂਚੀ ਲਿਆਂਦਾ ਜਾ ਰਿਹਾ ਸੀ। ਮੇਦਿਨੀਨਗਰ ਸਬ-ਡਿਵੀਜ਼ਨਲ ਪੁਲਿਸ ਅਧਿਕਾਰੀ (ਐਸਡੀਪੀਓ) ਮਨੀ ਭੂਸ਼ਣ ਪ੍ਰਸਾਦ ਨੇ ਕਿਹਾ ਕਿ ਸਾਵ ਦੇ ਗਿਰੋਹ ਦੇ ਮੈਂਬਰਾਂ ਨੇ ਅਚਾਨਕ ਉਸ ਵਾਹਨ 'ਤੇ ਹਮਲਾ ਕਰ ਦਿੱਤਾ ਜਿਸ ਵਿੱਚ ਉਸ ਨੂੰ ਲਿਆਂਦਾ ਜਾ ਰਿਹਾ ਸੀ ਅਤੇ ਰਾਮਗੜ੍ਹ ਪੁਲਿਸ ਸਟੇਸ਼ਨ ਖੇਤਰ ਦੇ ਅਧੀਨ ਅੰਧੇਰੀਟੋਲਾ ਨੇੜੇ ਉਸਨੂੰ ਛੁਡਾਉਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਕਿਹਾ ਕਿ ਇਸ ਤੋਂ ਬਾਅਦ ਮੁਕਾਬਲਾ ਸ਼ੁਰੂ ਹੋਇਆ ਅਤੇ ਗੋਲੀਬਾਰੀ ਵਿੱਚ ਸਾਵ ਮਾਰਿਆ ਗਿਆ ਜਦੋਂ ਕਿ ਇੱਕ ਪੁਲਿਸ ਮੁਲਾਜ਼ਮ ਜ਼ਖ਼ਮੀ ਹੋ ਗਿਆ। ਝਾਰਖੰਡ ਦੇ ਡੀਜੀਪੀ ਗੁਪਤਾ ਨੇ ਦੱਸਿਆ ਕਿ ਅਮਨ ਸਾਵ ਉਰਫ਼ ਅਮਨ ਸਾਹੂ ਨੂੰ ਰਾਏਪੁਰ ਤੋਂ ਰਾਂਚੀ ਲਿਆਂਦਾ ਜਾ ਰਿਹਾ ਸੀ। ਇੰਸਪੈਕਟਰ ਜਨਰਲ (ਆਈਜੀ) ਆਪ੍ਰੇਸ਼ਨ ਅਮੋਲ ਹੋਮਕਰ ਮੌਕੇ 'ਤੇ ਪਹੁੰਚ ਗਏ ਹਨ। ਡੀਜੀਪੀ ਨੇ ਸੋਮਵਾਰ ਨੂੰ ਕਿਹਾ ਸੀ, “ਤਿੰਨ ਗੈਂਗਸਟਰ - ਵਿਕਾਸ ਤਿਵਾੜੀ, ਅਮਨ ਸ੍ਰੀਵਾਸਤਵ ਅਤੇ ਅਮਨ ਸਾਵ - ਜੇਲ੍ਹਾਂ ਦੇ ਅੰਦਰੋਂ ਅਪਰਾਧਿਕ ਸਾਜ਼ਿਸ਼ਾਂ ਨੂੰ ਅੰਜਾਮ ਦੇਣ ਵਿੱਚ ਸ਼ਾਮਲ ਹਨ।” ਸਿਮਡੇਗਾ ਅਤੇ ਹਜ਼ਾਰੀਬਾਗ ਜੇਲ੍ਹਾਂ ਵਿੱਚ ਛਾਪੇਮਾਰੀ ਕੀਤੀ ਗਈ ਹੈ।

## ਟਰੱਕ ਖੱਡ ’ਚ ਡਿੱਗਣ ਕਾਰਨ ਬੀਐੱਸਐੱਫ ਦੇ ਤਿੰਨ ਜਵਾਨ ਹਲਾਕ, 13 ਜ਼ਖ਼ਮੀ

**ਇੰਫਾਲ।** ਮਨੀਪੁਰ ਦੇ ਸੈਨਾਪਤੀ ਜ਼ਿਲ੍ਹੇ ਦੇ ਚੰਗੌਬੰਗ ਪਿੰਡ ਵਿੱਚ ਟਰੱਕ ਖੱਡ ’ਚ ਡਿੱਗਣ ਕਾਰਨ ਸੀਮਾ ਸੁਰੱਖਿਆ ਬਲ (ਬੀਐੱਸਐੱਫ) ਦੇ ਘੱਟੋ-ਘੱਟ ਤਿੰਨ ਜਵਾਨਾਂ ਦੀ ਮੌਤ ਹੋ ਗਈ, ਜਦਕਿ 13 ਹੋਰ ਜ਼ਖਮੀ ਹੋ ਗਏ। ਅਧਿਕਾਰੀ ਨੇ ਦੱਸਿਆ ਕਿ ਬੀਐੱਸਐੱਫ ਦੇ ਦੋ ਜਵਾਨਾਂ ਦੀ ਮੌਕੇ ’ਤੇ ਹੀ ਮੌਤ ਹੋ ਗਈ ਤੇ ਇੱਕ ਦੀ ਹਸਪਤਾਲ ਲਿਜਾਂਦੇ ਸਮੇਂ ਮੌਤ ਹੋਈ। ਮ੍ਰਿਤਕਾਂ ਦੀਆਂ ਲਾਸ਼ਾਂ ਸੈਨਾਪਤੀ ਦੇ ਜ਼ਿਲ੍ਹਾ ਹਸਪਤਾਲ ਵਿੱਚ ਰੱਖੀਆਂ ਗਈਆਂ ਹਨ। ਜ਼ਖਮੀਆਂ ’ਚੋਂ ਕੁਝ ਜਵਾਨਾਂ ਦੀ ਹਾਲਤ ਨਾਜ਼ੁਕ ਦੱਸੀ ਜਾ ਰਹੀ ਹੈ। ਰਾਜਪਾਲ ਅਜੈ ਕੁਮਾਰ ਭੱਲਾ ਨੇ ਹਾਦਸੇ ਵਿੱਚ ਹੋਈਆਂ ਮੌਤਾਂ ’ਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

## ਜੰਮੂ-ਕਸ਼ਮੀਰ: ਬੱਸ ਹਾਦਸੇ ਵਿੱਚ 3 ਮੌਤਾਂ, 10 ਜ਼ਖਮੀ

**ਰਿਆਸੀ।** ਜੰਮੂ-ਕਸ਼ਮੀਰ ਦੇ ਮਹੋਰ ਨੇੜੇ ਮੰਗਲਵਾਰ ਨੂੰ ਇੱਕ ਮਿੰਨੀ ਬੱਸ ਦੇ ਹਾਦਸੇ ਦਾ ਸ਼ਿਕਾਰ ਹੋਣ ਕਾਰਨ ਘੱਟੋ-ਘੱਟ ਤਿੰਨ ਲੋਕਾਂ ਦੀ ਮੌਤ ਹੋ ਗਈ ਅਤੇ 10 ਹੋਰ ਜ਼ਖਮੀ ਹੋ ਗਏ। ਸੀਨੀਅਰ ਪੁਲੀਸ ਸੁਪਰਡੈਂਟ ਰਿਆਸੀ ਪਰਮਵੀਰ ਸਿੰਘ ਨੇ ਘਟਨਾ ਦੀ ਪੁਸ਼ਟੀ ਕੀਤੀ ਅਤੇ ਕਿਹਾ ਕਿ ਗੰਭੀਰ ਜ਼ਖਮੀ ਚਾਰ ਵਿਅਕਤੀਆਂ ਨੂੰ ਇਲਾਜ ਲਈ ਸਰਕਾਰੀ ਮੈਡੀਕਲ ਕਾਲਜ (ਜੀਐਮਸੀ) ਜੰਮੂ ਭੇਜਿਆ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਹਾਦਸਾ ਮਹੋਰ ਦੇ ਗੰਗੋਟ ਵਿੱਚ ਵਾਪਰਿਆ ਜਦੋਂ ਜੰਮੂ ਤੋਂ ਸਾਂਗਲੀਕੋਟ ਜਾ ਰਹੀ ਮਿੰਨੀ ਬੱਸ ਹਾਦਸੇ ਦਾ ਸ਼ਿਕਾਰ ਹੋ ਗਿਆ। ਜ਼ਖਮੀਆਂ ਨੂੰ ਤੁਰੰਤ ਇਲਾਜ ਲਈ ਨਜ਼ਦੀਕੀ ਡਾਕਟਰੀ ਸਹੂਲਤਾਂ ਲਈ ਭੇਜ ਦਿੱਤਾ ਗਿਆ। ਉਨ੍ਹਾਂ ਦੱਸਿਆ ਕਿ ਸਥਾਨਕ ਅਧਿਕਾਰੀ ਬਚਾਅ ਟੀਮਾਂ ਦੇ ਨਾਲ ਤੁਰੰਤ ਮੌਕੇ ’ਤੇ ਪਹੁੰਚੇ ਅਤੇ ਰਾਹਤ ਕਾਰਜ ਸ਼ੁਰੂ ਕਰ ਦਿੱਤੇ। ਹਾਦਸੇ ਦੇ ਕਾਰਨਾਂ ਦਾ ਪਤਾ ਲਗਾਉਣ ਲਈ ਅੱਗੇ ਦੀ ਜਾਂਚ ਜਾਰੀ ਹੈ।-

# ਕੈਨੇਡਾ ਵਿਚ ਖ਼ਤਮ ਹੋਇਆ ਟਰੂਡੋ ਰਾਜ, ਆਪਣੀ ਕੁਰਸੀ ਲਿਜਾਂਦੇ ਨਜ਼ਰ ਆਏ ਜਸਟਿਨ ਟਰੂਡੋ

**ਕੈਨੇਡਾ।** ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਇਕ ਤਸਵੀਰ ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਵਾਇਰਲ ਹੋ ਰਹੀ ਹੈ, ਜਿਸ 'ਚ ਉਹ ਹੱਥ 'ਚ ਹਾਊਸ ਆਫ਼ ਕਾਮਨਜ਼ ਦੀ ਕੁਰਸੀ ਫੜੀ ਨਜ਼ਰ ਆ ਰਹੇ ਹਨ। ਇਹ ਤਸਵੀਰ ਉਨ੍ਹਾਂ ਦੇ ਵਿਦਾਇਗੀ ਭਾਸ਼ਣ ਤੋਂ ਬਾਅਦ ਦੀ ਹੈ, ਜਦੋਂ ਉਹ ਮੁਸਕਰਾਉਂਦੇ ਹੋਏ ਕੈਮਰੇ ਵੱਲ ਦੇਖ ਰਹੇ ਸਨ। ਟਰੂਡੋ ਦਾ ਇਹ ਅੰਦਾਜ਼ ਲੋਕਾਂ ਨੂੰ ਹੈਰਾਨ ਕਰ ਰਿਹਾ ਹੈ ਅਤੇ ਇਸ ਨੂੰ ਉਨ੍ਹਾਂ ਦੇ ਜਾਣ ਦਾ ਸੰਕੇਤ ਮੰਨਿਆ ਜਾ ਰਿਹਾ ਹੈ।
ਜਸਟਿਨ ਟਰੂਡੋ ਨੂੰ ਸੋਮਵਾਰ ਨੂੰ ਲਿਬਰਲ ਪਾਰਟੀ ਦੀ ਕਨਵੈਨਸ਼ਨ ਦੌਰਾਨ ਅਧਿਕਾਰਤ ਤੌਰ 'ਤੇ ਵਿਦਾਇਗੀ ਦਿੱਤੀ ਗਈ। ਇਸ ਦੌਰਾਨ ਉਨ੍ਹਾਂ ਨੇ ਭਾਵੁਕ ਭਾਸ਼ਣ ਦਿੱਤਾ, ਜਿਸ 'ਚ ਉਨ੍ਹਾਂ ਨੇ ਆਪਣੇ ਕਾਰਜਕਾਲ ਦੀਆਂ ਪ੍ਰਾਪਤੀਆਂ ਅਤੇ ਆਪਣੇ ਸਿਆਸੀ ਸਫ਼ਰ ਦਾ ਜ਼ਿਕਰ ਕੀਤਾ। ਇਹ ਤਸਵੀਰ ਉਨ੍ਹਾਂ ਦੇ ਭਾਸ਼ਣ ਤੋਂ ਤੁਰੰਤ ਬਾਅਦ ਚਰਚਾ ਦਾ ਵਿਸ਼ਾ ਬਣ ਗਈ, ਜਿਸ ਵਿੱਚ ਉਹ ਹਾਊਸ ਆਫ਼ ਕਾਮਨਜ਼ ਤੋਂ ਆਪਣੀ ਕੁਰਸੀ ਛੱਡਦੇ ਹੋਏ ਨਜ਼ਰ ਆ ਰਹੇ ਹਨ।



ਟਰੂਡੋ ਦੀ ਇਹ ਤਸਵੀਰ ਨਾਲ ਸੋਸ਼ਲ ਮੀਡੀਆ 'ਤੇ ਕਈ ਮੀਮਜ਼ ਅਤੇ ਪ੍ਰਤੀਕਿਰਿਆਵਾਂ ਆ ਰਹੀਆਂ ਹਨ। ਕੁਝ ਲੋਕ ਇਸ ਨੂੰ ਉਸ ਦੇ ਸਿਆਸੀ ਸਫ਼ਰ ਲਈ ਸਨਮਾਨ ਵਜੋਂ ਦੇਖ ਰਹੇ ਹਨ, ਜਦੋਂ ਕਿ ਕੁਝ ਲੋਕ ਇਸ ਨੂੰ ਹਲਕੇ ਅੰਦਾਜ਼ 'ਚ ਵਿਦਾਇਗੀ ਦੇਣ ਦਾ ਅਨੋਖਾ ਤਰੀਕਾ ਦੱਸ ਰਹੇ ਹਨ। ਟਰੂਡੋ ਦੇ ਜਾਣ ਨਾਲ ਕੈਨੇਡਾ ਨੂੰ ਨਵਾਂ ਪ੍ਰਧਾਨ ਮੰਤਰੀ ਮਿਲ ਗਿਆ ਹੈ।
ਮਾਰਕ ਕਾਰਨੀ ਨੂੰ ਲਿਬਰਲ ਪਾਰਟੀ ਦਾ ਨਵਾਂ ਨੇਤਾ ਚੁਣ ਲਿਆ ਗਿਆ ਹੈ ਅਤੇ ਹੁਣ ਉਹ ਦੇਸ਼ ਦੇ ਪ੍ਰਧਾਨ ਮੰਤਰੀ ਦੇ ਅਹੁਦੇ ਦੀ ਜ਼ਿੰਮੇਵਾਰੀ ਸੰਭਾਲਣਗੇ। ਕਾਰਨੀ ਇੱਕ ਤਜਰਬੇਕਾਰ ਅਰਥ ਸ਼ਾਸਤਰੀ ਹੈ, ਜਿਸ ਨੇ ਬੈਂਕ ਆਫ਼ ਕੈਨੇਡਾ ਅਤੇ ਬੈਂਕ ਆਫ਼ ਇੰਗਲੈਂਡ ਦੇ ਗਵਰਨਰ ਵਜੋਂ ਸੇਵਾ ਨਿਭਾਈ ਹੈ।

## ਦੁਨੀਆਂ ਦੇ 20 ਸਭ ਤੋਂ ਵੱਧ ਪ੍ਰਦੂਸ਼ਿਤ ਸ਼ਹਿਰ ਵਿਚ ਭਾਰਤ ਦੇ 13 ਸਭ ਤੋਂ ਪ੍ਰਦੂਸ਼ਿਤ ਸ਼ਹਿਰ

**ਨਵੀਂ ਦਿੱਲੀ।** ਦੁਨੀਆਂ ਦੇ 20 ਸਭ ਤੋਂ ਵੱਧ ਪ੍ਰਦੂਸ਼ਿਤ ਸ਼ਹਿਰਾਂ ਵਿੱਚੋਂ 13 ਭਾਰਤ ਦੇ ਹਨ, ਜਿਨ੍ਹਾਂ ਵਿੱਚੋਂ ਅਸਾਮ ਦਾ ਬਰਨੀਹਾਟ ਇਸ ਸੂਚੀ ਵਿੱਚ ਸਭ ਤੋਂ ਉੱਪਰ ਹੈ। ਮੰਗਲਵਾਰ ਨੂੰ ਇੱਕ ਰਿਪੋਰਟ ਪ੍ਰਕਾਸ਼ਿਤ ਹੋਈ, ਜਿਸ ਵਿੱਚ ਇਹ ਖੁਲਾਸਾ ਹੋਇਆ ਹੈ। ਸਵਿਸ ਏਅਰ ਕੁਆਲਿਟੀ ਟੈਕਨਾਲੋਜੀ ਕੰਪਨੀ ਆਈਕਿਊਏਅਰ ਦੁਆਰਾ ਜਾਰੀ ਕੀਤੀ ਗਈ ਵਿਸ਼ਵ ਏਅਰ ਕੁਆਲਿਟੀ ਰਿਪੋਰਟ 2024 ਵਿੱਚ ਕਿਹਾ ਗਿਆ ਹੈ ਕਿ ਭਾਰਤ ਵਿੱਚ ਦਿੱਲੀ ਵਿਸ਼ਵ ਪੱਧਰ ’ਤੇ ਸਭ ਤੋਂ ਵੱਧ ਪ੍ਰਦੂਸ਼ਿਤ ਰਾਜਧਾਨੀ ਬਣੀ ਹੋਈ ਹੈ, ਜਦੋਂ ਕਿ ਭਾਰਤ ਸਾਲ 2024 ਵਿੱਚ ਦੁਨੀਆਂ ਦਾ 5ਵਾਂ ਸਭ ਤੋਂ ਵੱਧ ਪ੍ਰਦੂਸ਼ਿਤ ਦੇਸ਼ ਬਣ ਜਾਵੇਗਾ। ਜਦੋਂਕਿ ਸਾਲ 2023 ਵਿੱਚ ਇਹ ਤੀਜੇ ਸਥਾਨ ’ਤੇ ਸੀ। ਰਿਪੋਰਟ ਅਨੁਸਾਰ, ਭਾਰਤ ਵਿੱਚ 2024 ਵਿੱਚ ਪੀਐੱਮ 2.5 ਦੀ ਗਾੜ੍ਹਾਪਣ ਵਿੱਚ 7 ਪ੍ਰਤੀਸ਼ਤ ਦੀ ਗਿਰਾਵਟ ਦੇਖਣ ਨੂੰ ਮਿਲੇਗੀ, ਜੋਕਿ 2023 ਵਿੱਚ 54.4 ਮਾਈਕ੍ਰੋਗ੍ਰਾਮ ਪ੍ਰਤੀ ਘਣ ਮੀਟਰ ਦੇ ਮੁਕਾਬਲੇ ਔਸਤਨ 50.6 ਮਾਈਕ੍ਰੋਗ੍ਰਾਮ ਪ੍ਰਤੀ ਘਣ ਮੀਟਰ ਹੋ ਜਾਵੇਗੀ। ਇਸ ਦੇ ਬਾਵਜੂਦ, ਦੁਨੀਆਂ ਦੇ 10 ਸਭ ਤੋਂ ਪ੍ਰਦੂਸ਼ਿਤ ਸ਼ਹਿਰਾਂ ਵਿੱਚੋਂ 6 ਭਾਰਤ ਵਿੱਚ ਹਨ। ਦਿੱਲੀ ਵਿੱਚ ਪ੍ਰਦੂਸ਼ਣ ਦੇ ਉੱਚ ਪੱਧਰ ਰਿਕਾਰਡ ਕੀਤੇ ਗਏ, ਸਾਲਾਨਾ ਔਸਤਨ 2.5 ਗਾੜ੍ਹਾਪਣ 91.6 ਮਾਈਕ੍ਰੋਗ੍ਰਾਮ ਪ੍ਰਤੀ ਘਣ ਮੀਟਰ ਸੀ, ਜੋਕਿ 2023 ਵਿੱਚ 92.7 ਮਾਈਕ੍ਰੋਗ੍ਰਾਮ ਪ੍ਰਤੀ ਘਣ ਮੀਟਰ ਤੋਂ ਲਗਭਗ ਕੋਈ ਬਦਲਾਅ ਨਹੀਂ ਆਇਆ।



ਦੁਨੀਆਂ ਦੇ 20 ਪ੍ਰਦੂਸ਼ਿਤ ਸ਼ਹਿਰਾਂ ਵਿੱਚੋਂ 13 ਭਾਰਤ ਦੇ ਹਨ, ਜਿਨ੍ਹਾਂ ਵਿੱਚ ਬਰਨੀਹਾਟ, ਦਿੱਲੀ, ਮੁੱਲਾਂਪੁਰ (ਪੰਜਾਬ), ਫਰੀਦਾਬਾਦ, ਲੋਨੀ, ਨਵੀਂ ਦਿੱਲੀ, ਗੁੜਗਾਓਂ, ਗੰਗਾਨਗਰ, ਗ੍ਰੇਟਰ ਨੋਇਡਾ, ਭਿਵਾੜੀ, ਮੁਜ਼ੱਫਰਨਗਰ, ਹਨੂੰਮਾਨਗੜ੍ਹ ਅਤੇ ਨੋਇਡਾ ਸ਼ਾਮਿਲ ਹਨ।

## ਭਾਰਤ ਦੇ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਦਾ ਪੰਜਾਬ ਵਿੱਚ ਸ਼ਾਨਦਾਰ ਸਵਾਗਤ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਅੱਜ ਭਾਰਤ ਦੇ ਰਾਸ਼ਟਰਪਤੀ ਸ਼੍ਰੀਮਤੀ ਦ੍ਰੋਪਦੀ ਮੁਰਮੂ, ਜੋ ਸੂਬੇ ਦੇ ਦੌਰੇ ‘ਤੇ ਹਨ, ਦਾ ਨਿੱਘਾ ਸਵਾਗਤ ਕੀਤਾ ਗਿਆ। ਇੰਡੀਅਨ ਸਕੂਲ ਆਫ਼ ਬਿਜ਼ਨਸ ਵਿਖੇ ਕਰਵਾਏ ਗਏ ਸਮਾਗਮ ਦੌਰਾਨ ਰਾਸ਼ਟਰਪਤੀ ਦਾ ਸਵਾਗਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਰਾਸ਼ਟਰਪਤੀ ਦੀ ਫੇਰੀ ਸੂਬੇ ਦੇ ਇਤਿਹਾਸ ਵਿੱਚ ਸੁਨਹਿਰੀ ਦਿਨ ਹੈ ਅਤੇ ਇਸ ਮੌਕੇ ਹਰ ਪੰਜਾਬੀ ਬੇਹੱਦ ਖੁਸ਼ ਹੈ। ਉਨ੍ਹਾਂ ਕਿਹਾ ਕਿ ਮਹਾਨ ਗੁਰੂਆਂ, ਸੰਤਾਂ ਅਤੇ ਪੀਰ-ਪੈਗੰਬਰਾਂ ਦੀ ਪਵਿੱਤਰ ਧਰਤੀ ਪੰਜਾਬ ‘ਤੇ ਰਾਸ਼ਟਰਪਤੀ ਦਾ ਸਵਾਗਤ ਹੈ। ਭਗਵੰਤ ਸਿੰਘ ਮਾਨ ਨੇ ਉਮੀਦ ਪ੍ਰਗਟਾਈ ਕਿ ਆਪਣੀ ਫੇਰੀ ਦੌਰਾਨ ਭਾਰਤ ਦੇ ਰਾਸ਼ਟਰਪਤੀ ਪੰਜਾਬੀਆਂ ਦੀ ਨਿੱਘੀ ਮਹਿਮਾਨਨਿਵਾਜ਼ੀ ਦਾ ਆਨੰਦ ਮਾਣਨ ਦੇ ਨਾਲ-ਨਾਲ ਸੂਬੇ ਦੀ ਸ਼ਾਨਦਾਰ ਸੱਭਿਆਚਾਰਕ ਵਿਰਾਸਤ ਦੇ ਗਵਾਹ ਬਣਨਗੇ। ਮੁੱਖ ਮੰਤਰੀ ਨੇ ਕਿਹਾ ਕਿ ਰਾਸ਼ਟਰਪਤੀ ਨੇ ਅੱਜ ਕੇਂਦਰੀ ਯੂਨੀਵਰਸਿਟੀ ਬਠਿੰਡਾ ਵਿਖੇ ਸਮਾਗਮ ਵਿੱਚ ਸ਼ਿਰਕਤ ਕੀਤੀ ਸੀ ਅਤੇ ਬੁੱਧਵਾਰ ਨੂੰ ਉਹ ਪੰਜਾਬ ਯੂਨੀਵਰਸਿਟੀ ਦੇ ਕਨਵੋਕੇਸ਼ਨ ਵਿੱਚ ਸ਼ਾਮਲ ਹੋਣਗੇ। ਉਨ੍ਹਾਂ ਕਿਹਾ ਕਿ ਇਨ੍ਹਾਂ ਪ੍ਰਮੁੱਖ ਵਿਦਿਅਕ ਸੰਸਥਾਵਾਂ ਵਿੱਚ ਰਾਸ਼ਟਰਪਤੀ ਦੀ ਫੇਰੀ, ਵਿਦਿਆਰਥੀਆਂ ਨੂੰ ਜ਼ਿੰਦਗੀ ਵਿੱਚ ਸਖ਼ਤ ਮਿਹਨਤ ਅਤੇ ਸਮਰਪਣ ਲਈ ਪ੍ਰੇਰਿਤ ਕਰੇਗੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਰਾਸ਼ਟਰਪਤੀ ਦਾ ਜੀਵਨ ਸਾਡੇ



ਸਾਰਿਆਂ ਲਈ ਪ੍ਰੇਰਨਾ ਸਰੋਤ ਹੈ ਕਿਉਂਕਿ ਉਨ੍ਹਾਂ ਨੇ ਜ਼ਿੰਦਗੀ ਵਿੱਚ ਨਿੱਜੀ ਅਤੇ ਪੇਸ਼ੇਵਰ ਪੱਧਰ 'ਤੇ ਸਖ਼ਤ ਸੰਘਰਸ਼ ਕੀਤਾ ਹੈ।ਮੁੱਖ ਮੰਤਰੀ ਨੇ ਕਿਹਾ ਕਿ ਸ਼੍ਰੀਮਤੀ ਦ੍ਰੋਪਦੀ ਮੁਰਮੂ ਨੇ ਆਪਣੀ ਸਖ਼ਤ ਮਿਹਨਤ, ਦ੍ਰਿਸ਼ਟੀਕੋਣ ਅਤੇ ਵਚਨਬੱਧਤਾ ਨਾਲ ਜ਼ਿੰਦਗੀ ਵਿੱਚ ਨਵੀਆਂ ਉਚਾਈਆਂ ਛੂਹੀਆਂ। ਉਨ੍ਹਾਂ ਕਿਹਾ ਕਿ ਰਾਸ਼ਟਰਪਤੀ ਦੀ ਇਹ ਪ੍ਰਾਪਤੀ ਉਨ੍ਹਾਂ ਨੂੰ ਸਾਬਕਾ ਅਮਰੀਕੀ ਰਾਸ਼ਟਰਪਤੀ ਇਬਰਾਹਿਮ ਲਿੰਕਨ ਵਰਗੇ ਆਲਮੀ ਆਗੂਆਂ ਦੀ ਕਤਾਰ ਵਿੱਚ ਖੜ੍ਹਾ ਕਰਦੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਸਾਡੇ ਸਾਰਿਆਂ ਲਈ ਯਾਦਗਾਰੀ ਪਲ ਹੈ ਅਤੇ ਪੂਰਾ ਪੰਜਾਬ ਦੇਸ਼ ਦੇ ਰਾਸ਼ਟਰਪਤੀ ਦਾ ਇਸ ਦੌਰੇ ਦੌਰਾਨ ਨਿੱਘਾ ਸਵਾਗਤ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਇਸ ਮੁਬਾਰਕ ਧਰਤੀ 'ਤੇ ਦੇਸ਼ ਦੇ ਰਾਸ਼ਟਰਪਤੀ ਦਾ ਸਵਾਗਤ ਕਰਦਿਆਂ ਮਾਣ ਮਹਿਸੂਸ ਕਰ ਰਹੀ ਹੈ।ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਦੇ ਮਿਹਨਤੀ ਅਤੇ ਅਗਾਂਹ-ਵਧੂ ਕਿਸਾਨਾਂ ਨੇ ਦੇਸ਼ ਨੂੰ ਅਨਾਜ ਉਤਪਾਦਨ ਵਿੱਚ ਆਤਮਨਿਰਭਰ ਬਣਾਇਆ ਹੈ। ਉਨ੍ਹਾਂ ਕਿਹਾ ਕਿ ਦੇਸ਼ ਦਾ ਅੰਨਦਾਤਾ ਹੋਣ ਦੇ ਨਾਲ-ਨਾਲ, ਪੰਜਾਬ ਨੂੰ ਦੇਸ਼ ਦੀ ਖੜਗ ਭੁਜਾ ਹੋਣ ਦਾ ਮਾਣ ਵੀ ਹਾਸਲ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਮਿਹਨਤੀ ਅਤੇ ਬਹਾਦਰ ਪੰਜਾਬੀ ਆਪਣੀ ਹਿੰਮਤ, ਅਥਾਹ ਹੌਸਲੇ ਅਤੇ ਸਖ਼ਤ ਉੱਦਮੀ ਭਾਵਨਾ ਲਈ ਪੂਰੀ ਦੁਨੀਆ ਵਿੱਚ ਜਾਣੇ ਜਾਂਦੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੇ ਪੰਜ ਦਰਿਆਵਾਂ ਦੀ ਇਸ ਪਵਿੱਤਰ ਧਰਤੀ 'ਤੇ ਇਤਿਹਾਸ ਦੇ ਕਈ ਪੰਨਿਆਂ ਨੂੰ ਨੇੜਿਓਂ ਦੇਖਿਆ ਹੈ।ਇਸ ਤੋਂ ਪਹਿਲਾਂ ਮੁੱਖ ਸਕੱਤਰ ਕੇ.ਏ.ਪੀ. ਸਿਨਹਾ ਨੇ ਸਮਾਗਮ ਦੌਰਾਨ ਪਤਵੰਤਿਆਂ ਦਾ ਸਵਾਗਤ ਕੀਤਾ। ਇਸ ਮੌਕੇ ਹਰਿਆਣਾ ਦੇ ਰਾਜਪਾਲ ਬੰਡਾਰੂ ਦੱਤਾਤ੍ਰੇਅ, ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਮੁੱਖ ਜੱਜ ਜਸਟਿਸ ਸ਼ੀਲ ਨਾਗੂ, ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਅਤੇ ਹੋਰ ਮੌਜੂਦ ਸਨ।

## ਰੌਸ਼ਨੀ ਨਾਡਾਰ ਬਣੇ ਹੁਣ ਦੇਸ਼ ਦੀ ਸਭ ਤੋਂ ਅਮੀਰ ਔਰਤ

### ਅੰਬਾਨੀ-ਅਡਾਨੀ ਤੋਂ ਬਾਅਦ ਤੀਜੀ ਸਭ ਤੋਂ ਅਮੀਰ

**ਨਵੀਂ ਦਿੱਲੀ।** ਐੱਚਸੀਐਲ ਗਰੁੱਪ ਦੇ ਸੰਸਥਾਪਕ ਸ਼ਿਵ ਨਾਡਾਰ ਨੇ ਹਾਲ ਹੀ ਵਿੱਚ ਕੰਪਨੀ ਵਿੱਚ 47% ਹਿੱਸੇਦਾਰੀ ਆਪਣੀ ਬੇਟੀ ਰੌਸ਼ਨੀ ਨਾਡਾਰ ਮਲਹੋਤਰਾ ਨੂੰ ਤਬਦੀਲ ਕਰ ਦਿੱਤੀ ਹੈ। 'ਬਲੂਮਬਰਗ ਬਿਲੀਨੇਅਰਜ਼ ਇੰਡੈਕਸ' ਅਨੁਸਾਰ, ਰੌਸ਼ਨੀ ਹੁਣ 3.13 ਲੱਖ ਕਰੋੜ ਰੁਪਏ ਦੀ ਕੁੱਲ ਜਾਇਦਾਦ ਦੇ ਨਾਲ ਤੀਜੀ ਸਭ ਤੋਂ ਅਮੀਰ ਭਾਰਤੀ ਬਣ ਗਏ ਹਨ। ਸਿਰਫ਼ ਮੁਕੇਸ਼ ਅੰਬਾਨੀ ਅਤੇ ਗੌਤਮ ਅਡਾਨੀ ਕੋਲ ਹੀ ਉਨ੍ਹਾਂ ਤੋਂ ਵੱਧ ਦੌਲਤ ਹੈ।
ਰੌਸ਼ਨੀ ਤੋਂ ਪਹਿਲਾਂ, ਉਨ੍ਹਾਂ ਦੇ ਪਿਤਾ ਸ਼ਿਵ ਨਾਡਾਰ ਭਾਰਤ ਦੇ ਤੀਜੇ ਸਭ ਤੋਂ ਅਮੀਰ ਵਿਅਕਤੀ ਸਨ। ਉਨ੍ਹਾਂ ਦੀ ਅਗਵਾਈ ਵਾਲੀ ਐੱਚਸੀਐਲ ਤਕਨਾਲੋਜੀ ਦੇਸ਼ ਦੀ ਤੀਜੀ ਸਭ ਤੋਂ ਵੱਡੀ ਆਈਟੀ ਕੰਪਨੀ ਹੈ। ਇਸਦਾ ਮਾਰਕੀਟ ਕੈਪ 4.20 ਲੱਖ ਕਰੋੜ ਰੁਪਏ ਹੈ। ਹੁਣ ਇਸ ਵਿੱਚ ਅੱਧੇ ਤੋਂ ਵੱਧ ਹਿੱਸੇਦਾਰੀ ਸ਼ਿਵ ਨਾਡਾਰ ਦੀ ਬੇਟੀ ਕੋਲ ਹੈ।



ਰੌਸ਼ਨੀ ਨੇ ਯੂਕੇ ਦੀ ਨੌਰਥਵੈਸਟਰਨ ਯੂਨੀਵਰਸਿਟੀ ਤੋਂ ਕੰਮਿਊਨਿਟੀਕੇਸ਼ਨ ਵਿੱਚ ਗ੍ਰੈਜੂਏਸ਼ਨ ਕੀਤੀ ਹੈ। ਉਨ੍ਹਾਂ ਨੇ ਕੈਲੋਗ ਸਕੂਲ ਆਫ਼ ਮੈਨੇਜਮੈਂਟ ਤੋਂ ਐੱਮਬੀਏ ਵੀ ਕੀਤੀ ਹੈ। ਰੌਸ਼ਨੀ ਨੇ ਆਪਣਾ ਕਰੀਅਰ ਬ੍ਰਿਟੇਨ ਦੇ ਸਕਾਈ ਨਿਊਜ਼ ਵਿੱਚ ਇੱਕ ਨਿਰਮਾਤਾ ਵਜੋਂ ਸ਼ੁਰੂ ਕੀਤਾ।

Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

ਪੱਤਰਕਾਰਾਂ ਦੀ ਲੋੜ
ਇੰਗਲੈਂਡ ਦੇ ਹਰ ਇਲਾਕੇ ’ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।
Editor-in-chief : Devinder Chander
Mob: 07878 456 484
ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਪੰਜਾਬ ਸਰਕਾਰ ਨੇ ਨਸ਼ਾ ਤਸਕਰਾਂ ਦੀਆਂ ਉਸਾਰੀਆਂ ਨੂੰ ਢਾਹੁਣ ਦੀ ਕਾਰਵਾਈ ਜਾਰੀ ਰੱਖਦਿਆਂ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਨੂੰ ਤੇਜ਼ ਕੀਤਾ

**ਚੰਡੀਗੜ੍ਹ।** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚੋਂ ਨਸ਼ਾ ਤਸਕਰਾਂ ਦੇ ਨੈਟਵਰਕ ਨੂੰ ਪੂਰੀ ਤਰ੍ਹਾਂ ਖ਼ਤਮ ਕਰਨ ਲਈ ਵਿੱਢੀ ਗਈ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੇ ਸਕਾਰਾਤਮਕ ਸਿੱਟੇ ਸਾਹਮਣੇ ਆ ਰਹੇ ਹਨ ਅਤੇ ਇਸ ਪਹਿਲਕਦਮੀ ਨਾਲ ਆਮ ਲੋਕ ਵੱਡੀ ਰਾਹਤ ਮਹਿਸੂਸ ਕਰ ਰਹੇ ਹਨ। ਪੰਜਾਬ ਸਰਕਾਰ ਨੇ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਨੂੰ ਹੋਰ ਤੇਜ਼ ਕਰ ਦਿੱਤਾ ਹੈ ਜਿਸ ਤਹਿਤ ਅੱਜ ਕਈ ਜ਼ਿਲ੍ਹਿਆਂ ਵਿੱਚ ਨਸ਼ਾ ਤਸਕਰਾਂ ਦੀ ਮਲਕੀਅਤ ਵਾਲੀਆਂ ਗੈਰ-ਕਾਨੂੰਨੀ ਉਸਾਰੀਆਂ ਢਾਹੀਆਂ ਗਈਆਂ। ਅੱਜ ਕੀਤੀਆਂ ਗਈਆਂ ਇਨ੍ਹਾਂ ਕਾਰਵਾਈਆਂ ਵਿੱਚ ਜ਼ਿਲ੍ਹਾ ਪੁਲਿਸ ਅਧਿਕਾਰੀਆਂ ਦੀ ਨਿਗਰਾਨੀ ਹੇਠ ਨਵਾਂਸ਼ਹਿਰ ਅਤੇ ਸੁਨਾਮ ਊਧਮ ਸਿੰਘ ਵਾਲਾ 'ਚ ਨਸ਼ਾ ਤਸਕਰਾਂ ਨਾਲ ਸਬੰਧਤ ਨਾਜਾਇਜ਼ ਉਸਾਰੀਆਂ ਨੂੰ ਢਾਹਣਾ ਸ਼ਾਮਲ ਹੈ। ਨਵਾਂਸ਼ਹਿਰ ਦੇ ਕੱਲਰਾਂ ਮੁਹੱਲੇ ਵਿੱਚ ਸ਼ਹੀਦ ਭਗਤ ਸਿੰਘ ਨਗਰ ਪੁਲਿਸ ਨੇ ਸਥਾਨਕ ਸਿਵਲ ਪ੍ਰਸ਼ਾਸਨ ਦੇ ਸਹਿਯੋਗ ਨਾਲ ਨਸ਼ਾ ਤਸਕਰੀ ਵਿੱਚ ਸ਼ਾਮਲ ਤਿੰਨ ਪਰਿਵਾਰਾਂ ਦੀਆਂ ਗੈਰ-ਕਾਨੂੰਨੀ ਉਸਾਰੀਆਂ ਨੂੰ ਢਾਹ ਦਿੱਤਾ। ਐਸਐਸਪੀ ਡਾ. ਮਹਿਤਾਬ ਸਿੰਘ ਨੇ ਦੱਸਿਆ ਕਿ ਇਹ ਕਾਰਵਾਈ ਬੀਰੋ, ਸ਼ਿੰਦੋ ਅਤੇ ਸੰਤੋਸ਼ ਨਾਮਕ ਔਰਤਾਂ ਵਿਰੁੱਧ ਕੀਤੀ ਗਈ ਹੈ, ਜਿਨ੍ਹਾਂ 'ਤੇ ਸਮੂਹਿਕ ਤੌਰ 'ਤੇ ਕਈ ਕੇਸ ਦਰਜ ਹਨ, ਜਿਨ੍ਹਾਂ ਵਿੱਚੋਂ ਇੱਕ ਪਰਿਵਾਰ ਵਿਰੁੱਧ ਹੀ 14 ਕੇਸ ਦਰਜ ਹਨ। ਉਨ੍ਹਾਂ ਦੱਸਿਆ ਕਿ ਨਾਜਾਇਜ਼ ਉਸਾਰੀਆਂ ਨੂੰ ਢਾਹੁਣ ਦੀ ਇਹ ਕਾਰਵਾਈ ਨਗਰ ਕੌਂਸਲ ਦੀ ਬੇਨਤੀ 'ਤੇ ਕੀਤੀ ਗਈ ਸੀ ਅਤੇ ਨਗਰ ਕੌਂਸਲ ਨੂੰ ਇਨ੍ਹਾਂ ਗੈਰ-ਕਾਨੂੰਨੀ ਉਸਾਰੀਆਂ ਨੂੰ ਢਾਹੁਣ ਲਈ ਪੁਲਿਸ ਸਹਾਇਤਾ ਦੀ ਲੋੜ ਸੀ।



ਸਥਾਨਕ ਨਿਵਾਸੀ ਇਨ੍ਹਾਂ ਨਸ਼ਾ ਤਸਕਰਾਂ ਤੋਂ ਬਹੁਤ ਪ੍ਰੇਸ਼ਾਨ ਸਨ ਅਤੇ ਹੁਣ ਪੰਜਾਬ ਸਰਕਾਰ ਦੀ ਇਸ ਕਾਰਵਾਈ ਦਾ ਸਵਾਗਤ ਕਰ ਰਹੇ ਹਨ। ਉਨ੍ਹਾਂ ਅੱਗੇ ਕਿਹਾ ਕਿ ਲੋਕਾਂ ਨੇ ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚੋਂ ਨਸ਼ਿਆਂ ਨੂੰ ਖਤਮ ਕਰਨ ਲਈ ਕੀਤੇ ਜਾ ਰਹੇ ਇਨ੍ਹਾਂ ਯਤਨਾਂ ਦੀ ਹਮਾਇਤ ਕੀਤੀ ਹੈ।

ਇਸ ਦੇ ਨਾਲ ਹੀ ਐਸਐਸਪੀ ਸਰਤਾਜ ਸਿੰਘ ਚਾਹਲ ਦੀ ਨਿਗਰਾਨੀ ਹੇਠ ਸੁਨਾਮ ਊਧਮ ਸਿੰਘ ਵਾਲਾ ਵਿੱਚ ਜ਼ਿਲ੍ਹਾ ਪ੍ਰਸ਼ਾਸਨ ਅਤੇ ਪੁਲਿਸ ਵਿਭਾਗ ਦੀ ਸਾਂਝੀ ਟੀਮ ਨੇ ਅਨਾਜ ਮੰਡੀ ਦੇ ਮੁੱਖ ਗੇਟ ਨੇੜੇ ਨਸ਼ਾ ਤਸਕਰ ਬੁੱਧ ਸਿੰਘ ਉਰਫ ਬੁੱਧੂ ਨਾਲ ਸਬੰਧਤ ਗੈਰ-ਕਾਨੂੰਨੀ ਉਸਾਰੀ ਨੂੰ ਢਾਹ ਦਿੱਤਾ। ਇਸ ਵਿਅਕਤੀ ਨੇ ਮਾਰਕੀਟ ਕਮੇਟੀ ਸੁਨਾਮ ਨਾਲ ਸਬੰਧਤ ਜਗ੍ਹਾ 'ਤੇ ਗੈਰ-ਕਾਨੂੰਨੀ ਕਬਜ਼ਾ ਕੀਤਾ ਹੋਇਆ ਸੀ ਅਤੇ ਕਥਿਤ ਤੌਰ 'ਤੇ ਨਸ਼ੀਲੇ ਪਦਾਰਥਾਂ ਦੀਆਂ ਗਤੀਵਿਧੀਆਂ ਲਈ ਇੱਕ ਘਰ ਅਤੇ ਦੁਕਾਨ ਚਲਾ ਰਿਹਾ ਸੀ। ਉਨ੍ਹਾਂ ਅੱਗੇ ਕਿਹਾ ਕਿ ਉਸ ਵਿਰੁੱਧ ਐਨਡੀਪੀਐਸ ਐਕਟ ਅਤੇ ਆਬਕਾਰੀ ਐਕਟ ਤਹਿਤ ਕਈ ਮਾਮਲੇ ਦਰਜ ਕੀਤੇ ਗਏ ਹਨ।

ਦੋਵਾਂ ਐਸਐਸਪੀਜ਼ ਨੇ ਆਪਣੇ ਖੇਤਰਾਂ ਵਿੱਚ ਨਸ਼ੀਲੇ ਪਦਾਰਥਾਂ ਦੇ ਤਸਕਰਾਂ ਨੂੰ ਸਖ਼ਤ ਚੇਤਾਵਨੀਆਂ ਜਾਰੀ ਕਰਦਿਆਂ ਕਿਹਾ ਹੈ ਕਿ ਜਾਂ ਤਾਂ ਨਸ਼ਾ ਤਸਕਰ ਆਪਣੀ ਮਰਜ਼ੀ ਨਾਲ ਨਸ਼ਿਆਂ ਦੀ ਤਸਕਰੀ ਛੱਡ ਦੇਣ ਜਾਂ ਗੰਭੀਰ ਸਿੱਟੇ ਭੁਗਤਣ ਲਈ ਤਿਆਰ ਰਹਿਣ। ਉਨ੍ਹਾਂ ਨੇ ਲੋਕਾਂ ਨੂੰ ਨਸ਼ਿਆਂ ਨਾਲ ਸਬੰਧਤ ਗਤੀਵਿਧੀਆਂ ਬਾਰੇ ਜਾਣਕਾਰੀ ਦੇਣ ਦੀ ਅਪੀਲ ਕਰਦਿਆਂ ਇਨ੍ਹਾਂ ਗੈਰ-ਕਾਨੂੰਨੀ ਗਤੀਵਿਧੀਆਂ ਵਿੱਚ ਸ਼ਾਮਲ ਮੁਲਜ਼ਮਾਂ ਵਿਰੁੱਧ ਫੌਰੀ ਢੰਗ ਨਾਲ ਸਖ਼ਤ ਕਾਰਵਾਈ ਦਾ ਭਰੋਸਾ ਦਿੱਤਾ।

ਦੱਸਣਯੋਗ ਹੈ ਕਿ ਸਥਾਨਕ ਨਿਵਾਸੀਆਂ ਨੇ ਪੰਜਾਬ ਸਰਕਾਰ ਦੇ ਇਨ੍ਹਾਂ ਉਪਰਾਲਿਆਂ ਨੂੰ ਜ਼ੋਰਦਾਰ ਹਮਾਇਤ ਦਿੱਤੀ ਹੈ ਅਤੇ ਵਿਸ਼ੇਸ਼ ਤੌਰ 'ਤੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦਾ ਇਨ੍ਹਾਂ ਫੈਸਲਾਕੁੰਨ ਕਾਰਵਾਈਆਂ ਲਈ ਧੰਨਵਾਦ ਕੀਤਾ ਹੈ। ਇਨ੍ਹਾਂ ਕਾਰਵਾਈਆਂ ਤੋਂ ਆਮ ਲੋਕ ਰਾਹਤ ਮਹਿਸੂਸ ਕਰ ਰਹੇ ਹਨ ਅਤੇ ਉਮੀਦ ਕਰ ਰਹੇ ਹਨ ਕਿ ਜਲਦੀ ਹੀ ਪੰਜਾਬ ਵਿੱਚੋਂ ਨਸ਼ਿਆਂ ਦੀ ਤਸਕਰੀ ਦਾ ਪੂਰੀ ਤਰ੍ਹਾਂ ਅੰਤ ਹੋ ਜਾਵੇਗਾ।

ਦੋਵੇਂ ਪੁਲਿਸ ਅਧਿਕਾਰੀਆਂ ਨੇ ਦੁਹਰਾਇਆ ਕਿ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਲਈ ਸਰਕਾਰ ਦੀ ਵਚਨਬੱਧਤਾ ਦੇ ਹਿੱਸੇ ਵਜੋਂ ਨਸ਼ਾ ਤਸਕਰੀ ਦੇ ਨੈੱਟਵਰਕਾਂ ਅਤੇ ਗੈਰ-ਕਾਨੂੰਨੀ ਉਸਾਰੀਆਂ ਵਿਰੁੱਧ ਅਜਿਹੀਆਂ ਕਾਰਵਾਈਆਂ ਜਾਰੀ ਰਹਿਣਗੀਆਂ।

## ਡੋਮਿਨਿਕਨ ਦੇਸ਼ ਤੋਂ ਭਾਰਤੀ ਮੂਲ ਦਾ ਅਮਰੀਕੀ ਵਿਦਿਆਰਥਣ ਹੋਈ ਲਾਪਤਾ, ਸਮੁੰਦਰ ਵਿੱਚ ਡੁੱਬਣ ਦਾ ਸ਼ੱਕ



**ਵਾਸ਼ਿੰਗਟਨ।** ਭਾਰਤੀ ਮੂਲ ਦੀ ਅਮਰੀਕੀ ਵਿਦਿਆਰਥਣ ਸੁਦੀਕਸ਼ਾ ਕੋਨਾਂਕੀ ਪਿਛਲੇ ਵੀਰਵਾਰ ਨੂੰ ਡੋਮਿਨਿਕਨ ਰੀਪਬਲਿਕ ਦੇ ਕੈਰੇਬੀਅਨ ਟਾਪੂ ਤੋਂ ਲਾਪਤਾ ਹੋ ਗਈ ਸੀ। ਹੁਣ ਇਹ ਮੰਨਿਆ ਜਾ ਰਿਹਾ ਹੈ ਕਿ ਉਸਦੀ ਮੌਤ ਡੁੱਬਣ ਕਾਰਨ ਹੋ ਗਈ ਹੈ। ਮੀਡੀਆ ਵਿਚ ਇਹ ਖਬਰਾਂ ਆ ਰਹੀਆਂ ਹਨ।

ਜਾਂਚ ਵਿੱਚ ਸ਼ਾਮਿਲ ਤਿੰਨ ਅਧਿਕਾਰੀਆਂ ਨੇ ਕਿਹਾ ਕਿ ਕੋਨਾਂਕੀ 5 ਮਾਰਚ ਨੂੰ ਆਪਣੇ ਛੇ ਦੋਸਤਾਂ ਨਾਲ ਸਮੁੰਦਰੀ ਕੰਢੇ 'ਤੇ ਸੈਰ ਕਰ ਰਹੀ ਸੀ ਅਤੇ ਹੋ ਸਕਦਾ ਹੈ ਕਿ ਰਾਤ ਨੂੰ ਸਮੁੰਦਰ ਵਿੱਚ ਤੈਰਾਕੀ ਕਰਨ ਗਈ ਹੋਵੇ ਅਤੇ ਡੁੱਬ ਗਈ ਹੋਵੇ। ਸੁਦੀਕਸ਼ਾ ਪਿਛਲੇ ਹਫ਼ਤੇ ਛੁੱਟੀਆਂ ਮਨਾਉਣ ਲਈ ਅਮਰੀਕਾ ਤੋਂ ਡੋਮਿਨਿਕਨ ਦੇ ਪੁੰਟਾ ਕਾਨਾ ਸ਼ਹਿਰ ਪਹੁੰਚੀ ਸੀ।ਡੋਮਿਨਿਕਨ ਦੇ ਸਥਾਨਕ ਅਧਿਕਾਰੀਆਂ ਨੇ ਸੁਧੀਕਸ਼ਾ ਦੀ ਭਾਲ ਵਿੱਚ ਵੱਖ-ਵੱਖ ਥਾਵਾਂ 'ਤੇ ਪੋਸਟਰ ਵੀ ਲਗਾਏ ਸਨ, ਜਿਸ ਵਿੱਚ ਕਿਹਾ ਗਿਆ ਸੀ ਕਿ ਇੱਕ 20 ਸਾਲਾ ਕੁੜੀ ਬੀਚ 'ਤੇ ਸੈਰ ਕਰਦੇ ਸਮੇਂ ਲਾਪਤਾ ਹੋ ਗਈ ਸੀ। ਉਸਦਾ ਕੱਦ 5 ਫੁੱਟ 3 ਇੰਚ ਹੈ।



# ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਤੇ ਸਾਰੇ ਪੰਜਾਬ ਦੇ ਮੰਤਰੀਆਂ ਅਤੇ ਐੱਮ.ਐੱਲ.ਏ. ਦੇ ਘਰਾਂ ਅਤੇ ਦਫ਼ਤਰਾਂ ਅੱਗੇ ਧਰਨੇ ਦਿੱਤੇ ਗਏ:- ਲੱਖੋਵਾਲ

**ਲੁਧਿਆਣਾ ( ਕਰਨੈਲ ਸਿੰਘ ਐੱਮ.ਏ.)** ਭਾਰਤੀ ਕਿਸਾਨ ਯੂਨੀਅਨ ਰਜਿ:283 ਦੇ ਸੂਬਾ ਪ੍ਰਧਾਨ ਹਰਿੰਦਰ ਸਿੰਘ ਲੱਖੋਵਾਲ ਅਤੇ ਅਵਤਾਰ ਸਿੰਘ ਮੇਹਲੋਂ ਸਰਪ੍ਰਸਤ ਪੰਜਾਬ ਨੇ ਅੱਜ ਸੰਯੁਕਤ ਕਿਸਾਨ ਮੋਰਚੇ ਦੀ ਕਾਲ ਤੇ ਹਲਕਾ ਸਾਹਨੇਵਾਲ ਦੇ ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆਂ ਦੇ ਦਫ਼ਤਰ ਅੱਗੇ ਸੈਂਕੜੇ ਕਿਸਾਨਾਂ ਸਮੇਤ ਪੰਜਾਬ ਸਰਕਾਰ ਦੁਆਰਾ ਕਿਸਾਨਾਂ ਨੂੰ 5 ਮਾਰਚ ਦੇ ਚੰਡੀਗੜ੍ਹ ਧਰਨੇ ਨੂੰ ਅਸਫਲ ਬਣਾਉਣ ਲਈ ਕਿਸਾਨ ਆਗੂਆਂ ਤੇ ਕਿਸਾਨਾਂ ਦੀ ਘਰਾਂ ਵਿੱਚ ਕੀਤੀ ਨਜ਼ਰਬੰਦੀ ਤੇ ਜੇਲ੍ਹਾਂ ਵਿੱਚ ਭੇਜਣ ਦੇ ਰੋਸ ਵਜੋਂ ਧਰਨਾਂ ਦਿੱਤਾ ਗਿਆ ਜਿੱਥੇ ਉਨ੍ਹਾਂ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਆਮ ਆਦਮੀ ਦੀ ਸਰਕਾਰ ਨੇ ਜੋ ਕਿਸਾਨਾਂ ਨਾਲ 5 ਮਾਰਚ ਦੀ ਚੰਡੀਗੜ੍ਹ ਮੀਟਿੰਗ ਵਿੱਚ ਜੋ ਵਿਹਾਰ ਕੀਤਾ ਤੇ ਕਿਸਾਨਾਂ ਨੂੰ ਚੰਡੀਗੜ੍ਹ ਜਾਣ ਤੋਂ ਰੋਕਿਆ, ਝੂਠੇ ਇਲਜ਼ਾਮ ਲਗਾ ਕੇ ਮੁੱਖ ਮੰਤਰੀ ਦੁਆਰਾ ਕਿਸਾਨਾਂ ਨੂੰ ਬਦਨਾਮ ਕੀਤਾ ਕਿ ਕਿਸਾਨ ਸੜਕਾਂ ਰੋਕ ਕੇ ਲੋਕਾਂ ਨੂੰ ਪ੍ਰੇਸ਼ਾਨ ਕਰਦੇ ਹਨ ਤੇ ਜੋ ਕਿਸਾਨਾਂ ਦੀਆਂ ਮੰਗਾਂ ਹਨ ਉਹ ਕੇਂਦਰ ਸਰਕਾਰ ਨਾਲ ਸੰਬੰਧਿਤ ਹਨ ਪੰਜਾਬ ਨਾਲ ਨਹੀਂ, ਅਸੀਂ ਦੱਸਣਾ ਚਾਹੁੰਦੇ ਹਾਂ ਕਿ 19 ਦਸੰਬਰ 2023 ਨੂੰ ਪੰਜਾਬ ਸਰਕਾਰ ਨੇ ਐੱਸ.ਕੇ.ਐੱਮ ਦੇ ਆਗੂਆਂ ਨਾਲ ਮੀਟਿੰਗ ਕਰਕੇ ਕੁਝ ਮੰਗਾਂ ਮੰਨ ਕੇ ਲਾਗੂ ਕਰਨ ਲਈ ਸਹਿਮਤੀ ਦਿੱਤੀ ਸੀ। ਕਿਸਾਨਾਂ ਦੀਆਂ ਮੰਗਾਂ ਸਨ ਕਿ ਦਿੱਲੀ ਮੋਰਚੇ ਦੌਰਾਨ ਸ਼ਹੀਦ ਹੋਏ ਕਿਸਾਨਾਂ ਨੂੰ ਮੁਆਵਜ਼ਾ ਤੇ ਸਰਕਾਰੀ ਨੌਕਰੀ, ਮੱਕੀ, ਮੂੰਗੀ ਤੇ ਸਬਜ਼ੀਆਂ ਤੇ ਐੱਮ.ਐੱਸ.ਪੀ ਦੇਣੀ ਤੇ ਨਵੀਂ ਖੇਤੀਬਾੜੀ ਨੀਤੀ ਬਣਾਉਣਾ ਕਮੇਟੀ ਵਿੱਚ ਐੱਸ.ਕੇ.ਐੱਮ ਦੇ ਆਗੂਆਂ ਨੂੰ ਲੈਣਾ, ਸਰਕਾਰੀ ਅਦਾਰਿਆਂ ਵਿਚਲੇ ਕਿਸਾਨੀ



ਕਰਜ਼ਿਆਂ ਲਈ ਵੰਨ ਟਾਇਮ ਸੈਟਲਮੈਂਟ ਸਕੀਮ ਲਿਆ ਕੇ ਕੇਸਾਂ ਦਾ ਨਿਪਟਾਰਾ ਕਰਨਾ, ਵਿਵਾਦ ਰਹਿਤ ਜ਼ਮੀਨਾਂ ਦੀ ਤਕਸੀਮ ਟੀਮਾਂ ਬਣਾ ਕੇ ਪਿੰਡਾਂ ਵਿੱਚ ਜਾ ਕੇ ਕਰਨੀ, ਸਰਹੰਦ ਫੀਡਰ ਤੇ ਲੱਗੀਆਂ ਮੋਟਰਾਂ ਦੇ ਬਿੱਲ ਮੁਆਫ ਕਰਨੇ, ਅਵਾਰਾ ਤੇ ਪਾਲਤੂ ਪਸ਼ੂਆਂ, ਕੁੱਤਿਆਂ ਦਾ ਸੜਕਾਂ ਤੇ ਆਉਣ ਤੋਂ ਰੋਕਣ ਲਈ ਹੱਲ ਕਰਨਾ, ਜੰਗਲੀ ਜਾਨਵਰਾਂ ਤੋਂ ਹੁੰਦੇ ਫਸਲਾਂ ਦੇ ਨੁਕਸਾਨ ਰੋਕਣ ਲਈ 12 ਬੋਰ ਰਾਇਫਲ ਦੇ ਕਿਸਾਨਾਂ ਨੂੰ ਪਰਮਿਟ ਲੈਣੇ ਅਸਾਨ ਬਣਾਉਣੇ, ਨੈਨੋ ਪੈਕਿੰਗ ਤੇ ਹੋਰ ਉਤਪਾਦ ਕਿਸਾਨਾਂ ਨੂੰ ਜਬਰੀ ਦੇਣੇ ਬੰਦ ਕਰਨੇ ਤੇ ਨਕਲੀ ਦਵਾਈਆਂ,ਬੀਜ਼ਾਂ ਤੇ ਸਖਤੀ ਨਾਲ ਰੋਕ ਲਗਾਉਣੀ, ਹੜਾਂ ਤੇ ਗੜੇਮਾਰੀ ਨਾਲ ਹੋਏ ਨੁਕਸਾਨ ਦਾ ਸਮੇਂ ਸਿਰ ਕਿਸਾਨਾਂ ਨੂੰ ਮੁਆਵਜ਼ਾ, ਪਾਣੀਆਂ ਦੇ ਮਸਲੇ ਹੱਲ ਕਰਨੇ, ਸਹਿਕਾਰੀ ਸਭਾਵਾਂ ਵਿੱਚ ਨਵੇਂ ਖਾਤੇ ਖੋਲ੍ਹਣ ਤੇ ਲੱਗੀ ਪਾਬੰਦੀ ਤੁਰੰਤ ਹਟਾਉਣੀ, ਅਬਾਦਕਾਰਾਂ ਤੇ ਗੰਨਾਂ ਕਾਸ਼ਤਕਾਰਾਂ ਦੇ ਮਸਲਿਆਂ ਤੇ ਸਰਕਾਰ ਦੁਆਰਾਂ ਕਮੇਟੀ ਬਣਾਉਣੀ ਇਹ ਸਾਰੀਆਂ ਮੰਗਾਂ ਪੰਜਾਬ ਸਰਕਾਰ ਨੇ 31 ਮਾਰਚ 2024 ਤੱਕ ਲਾਗੂ ਕਰਨੀਆਂ ਮੰਨੀਆਂ ਸਨ ਪਰ ਸਰਕਾਰ ਨੇ ਹੁਣ ਤੱਕ ਇਨ੍ਹਾਂ ਨੂੰ ਲਾਗੂ ਨਹੀਂ ਕੀਤਾ ਇਸ ਲਈ ਅਸੀਂ ਦੁਬਾਰਾ ਇੱਕ ਵਾਰ ਫਿਰ ਤੋਂ ਸਰਕਾਰ ਨੂੰ ਜਗਾਉਣ ਲਈ 5 ਮਾਰਚ ਦਾ ਧਰਨਾ ਚੰਡੀਗੜ੍ਹ ਦੇ 34 ਸੈਕਟਰ ਵਿੱਚ ਧਰਨਾਂ ਲਗਾਉਣ ਜਾਣਾ ਸੀ ਪਰ ਮੁੱਖ ਮੰਤਰੀ ਸਾਹਬ ਨੇ ਤੈਸ਼ ਵਿੱਚ ਆ ਕੇ ਕਿਸਾਨਾਂ ਨਾਲ ਮਾੜਾ ਸਲੂਕ ਕੀਤਾ ਤੇ ਉਨ੍ਹਾਂ ਦੀਆਂ ਗ੍ਰਿਫਤਾਰੀਆਂ ਕੀਤੀਆਂ ਜਿਸ ਦੇ ਵਿਰੋਧ ਵਜੋਂ ਅੱਜ ਦਾ ਇਹ ਸੰਕੇਤਕ ਧਰਨਾਂ ਸੀ ਐੱਸ.ਕੇ.ਐੱਮ ਨੇ ਆਪਣੀ ਅਗਲੀ ਰਣਨੀਤੀ ਲਈ 15 ਮਾਰਚ ਚੰਡੀਗੜ੍ਹ ਮੀਟਿੰਗ ਰੱਖੀ ਹੋਈ ਹੈ ਜਿਸ ਵਿੱਚ ਅਗਲੀ ਰਣਨੀਤੀ ਉਲੀਕੀ ਜਾਵੇਗੀ । ਅੱਜ ਦੇ ਇਸ ਧਰਨੇ ਵਿੱਚ ਗੁਰਵਿੰਦਰ ਸਿੰਘ ਕੂੰਮ ਕਲਾਂ ਪ੍ਰੈਸ ਸਕੱਤਰ ਪੰਜਾਬ, ਅਮਨਦੀਪ ਸਿੰਘ ਮੇਹਲੋਂ, ਮੀਤ ਪ੍ਰਧਾਨ ਲੁਧਿ: ਗੁਰਪ੍ਰੀਤ ਸਿੰਘ ਸਾਹਬਾਣਾ ਮੀਤ ਪ੍ਰਧਾਨ ਲੁਧਿਆਣਾ, ਹਰਮੀਤ ਸਿੰਘ ਕਾਦੀਆਂ, ਗਿਆਨ ਸਿੰਘ ਮੰਡ, ਗੁਰਚਰਨ ਸਿੰਘ ਹਵਾਸ, ਸੁਰਿੰਦਰ ਸਿੰਘ ਕਡਿਆਣਾ, ਕਾਮਰੇਡ ਅਮਰਨਾਥ ਕੂੰਮ ਕਲਾਂ, ਲਛਮਣ ਸਿੰਘ, ਅਜਮੇਰ ਸਿੰਘ ਲਾਲੀ, ਹਰਦੀਪ ਸਿੰਘ ਗਿਆਸਪੁਰਾ, ਜਗਦੇਵ ਸਿੰਘ ਹਵਾਸ, ਜਗਪਾਲ ਸਿੰਘ ਗਿਆਸਪੁਰਾ, ਜਸਵੀਰ ਸਿੰਘ, ਦਵਿੰਦਰ ਸਿੰਘ ਗਰੇਵਾਲ, ਬੀਰਇੰਦਰ ਸਿੰਘ ਜੌਲੀ, ਰਘੁਬੀਰ ਸਿੰਘ ਕੂੰਮਕਲਾਂ, ਨਿਰਪਾਲ ਸਿੰਘ ਗਰਚਾ, ਬਿਕਰਮਜੀਤ ਸਿੰਘ, ਰਣਧੀਰ ਸਿੰਘ, ਕਮਿੱਕਰ ਸਿੰਘ ਸਾਹਬਾਣਾ, ਸਰਪੰਚ ਕੱਕਾ ਆਦਿ ਹਾਜ਼ਰ ਸਨ।

# ਆਧਾਰ ਦੀ ਫਾਊਂਡੇਸ਼ਨ ਸੰਸਥਾ ਵੱਲੋਂ ਵਿਸ਼ੇਸ਼ ਸਮਾਗਮ ਵਿੱਚ ਅੰਤਰਰਾਸ਼ਟਰੀ ਮਹਿਲਾ ਦਿਵਸ ਮੌਕੇ ਔਰਤਾਂ ਨੂੰ ਸਨਮਾਨਿਤ ਕੀਤਾ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਅੰਤਰਰਾਸ਼ਟਰੀ ਮਹਿਲਾ ਦਿਵਸ ਦੇ ਮੌਕੇ 'ਤੇ, ਆਧਾਰ ਦੀ ਫਾਊਂਡੇਸ਼ਨ ਵੱਲੋਂ ਐਚਡੀਐਫਸੀ ਬੈਂਕ ਦੇ ਸਹਿਯੋਗ ਨਾਲ ਇੰਡੀਅਨ ਆਈਡਲ ਅਕੈਡਮੀ, ਕਬਰਸਤਾਨ ਰੋਡ ਵਿਖੇ ਇੱਕ ਵਿਸ਼ੇਸ਼ ਸਮਾਗਮ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਵੱਖ-ਵੱਖ ਖੇਤਰਾਂ ਵਿੱਚ ਪ੍ਰਾਪਤੀਆਂ ਕਰਨ ਵਾਲੀਆਂ ਔਰਤਾਂ ਨੂੰ ਸਨਮਾਨਿਤ ਕੀਤਾ ਗਿਆ। ਇਸ ਸਮਾਗਮ ਵਿੱਚ ਮੇਅਰ ਪ੍ਰਿੰਸੀਪਲ ਇੰਦਰਜੀਤ ਕੌਰ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਸੰਸਥਾ ਦੇ ਮੁਖੀ ਰਵਿੰਦਰ ਸ਼ਰਮਾ, ਪ੍ਰਿੰਸੀਪਲ ਸੋਨੀਆ ਸ਼ਰਮਾ, ਰਮਨ ਮਹਾਜਨ, ਦਿਨੇਸ਼, ਸੁਖਵਿੰਦਰ ਆਦਿ ਨੇ ਉਨ੍ਹਾਂ ਦਾ ਸਵਾਗਤ ਕੀਤਾ। ਸਮਾਗਮ ਨੂੰ ਸੰਬੋਧਨ ਕਰਦਿਆਂ ਮੁੱਖ ਮਹਿਮਾਨ ਨੇ ਕਿਹਾ ਕਿ ਅੱਜ ਕੁੜੀਆਂ ਵੱਖ-ਵੱਖ ਖੇਤਰਾਂ ਵਿੱਚ ਸਫਲਤਾ ਪ੍ਰਾਪਤ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ



ਲੋਕਾਂ ਨੂੰ ਆਪਣੀਆਂ ਧੀਆਂ ਨੂੰ ਸਿੱਖਿਅਤ ਕਰਨਾ ਚਾਹੀਦਾ ਹੈ ਅਤੇ ਉਨ੍ਹਾਂ ਦੀ ਤਰੱਕੀ ਵਿੱਚ ਮਦਦ ਕਰਨੀ ਚਾਹੀਦੀ ਹੈ। ਪ੍ਰਧਾਨ ਰਵੀਨੰਦਨ ਸ਼ਰਮਾ ਨੇ ਕਿਹਾ ਕਿ ਮੇਅਰ ਪ੍ਰਿੰਸੀਪਲ ਇੰਦਰਜੀਤ ਕੌਰ ਆਪਣਾ ਅਹੁਦਾ ਸੰਭਾਲਣ ਤੋਂ ਬਾਅਦ ਸ਼ਹਿਰ ਦੀ ਨੁਹਾਰ ਬਦਲਣ ਲਈ ਚੰਗਾ ਕੰਮ ਕਰ ਰਹੀਆਂ ਹਨ ਅਤੇ ਨਾਗਰਿਕਾਂ ਨੂੰ ਅੱਗੇ ਆ ਕੇ ਉਨ੍ਹਾਂ ਦਾ ਸਮਰਥਨ ਕਰਨਾ ਚਾਹੀਦਾ ਹੈ। ਇਸ ਦੌਰਾਨ ਪ੍ਰਿੰਸੀਪਲ ਸੋਨੀਆ ਸ਼ਰਮਾ ਨੇ ਮੁੱਖ ਮਹਿਮਾਨ ਦਾ ਸਨਮਾਨ ਕੀਤਾ। ਸਮਾਗਮ ਦੌਰਾਨ ਮੁੱਖ ਮਹਿਮਾਨ ਮੇਅਰ ਪ੍ਰਿੰਸੀਪਲ ਇੰਦਰਜੀਤ ਕੌਰ ਨੇ ਪੁਰਸਕਾਰ ਜੇਤੂ ਔਰਤਾਂ ਨੂੰ ਸਨਮਾਨਿਤ ਕੀਤਾ। ਇਨ੍ਹਾਂ ਵਿੱਚ ਡਾ: ਲਖਵੀਰ ਕੌਰ ਫੋਰਟਿਸ ਹਸਪਤਾਲ, ਰਿਚਾ ਚੱਢਾ ਇਨਕਮ ਟੈਕਸ ਵਿਭਾਗ, ਸ਼ੁਭਾਂਗੀ ਸਿੰਘ, ਸ਼ਸ਼ੀ ਖੁੱਲਰ ਸਮਾਜ ਸੇਵਕਾ, ਮਮਤਾ ਵਰਮਾ, ਗੌਰੀ ਦੁਰੇਜਾ ਲੁਧਿਆਣਾ ਮੈਟ੍ਰਿਕ ਦੀ ਟਾਪਰ, ਡਾ: ਆਰਤੀ ਗੁਪਤਾ ਤੁਲੀ ਫੋਰਟਿਸ ਹਸਪਤਾਲ, ਰਜਨੀ ਜੁਨੇਜਾ ਪੱਤਰਕਾਰ, ਪ੍ਰਿਆ ਸ਼ਰਮਾ ਅਤੇ ਸੰਗੀਤਾ ਸ਼ਰਮਾ ਡਾਇਰੈਕਟਰ ਸਿਮਰਨ ਕਾਨਵੈਂਟ ਸਕੂਲ, ਮੀਨੂ ਕਪੂਰ ਪੱਤਰਕਾਰ, ਸ਼ੈਵਯ ਜੈਨ, ਨਿਸ਼ਾ ਵਰਮਾ, ਪ੍ਰਿੰਸੀਪਲ ਲੀਨਾ ਖੁਰਾਨਾ, ਨੰਦਿਕਾ ਭਸੀਨ ਮੇਕਅਪ ਆਰਟਿਸਟ, ਸਿਮਰਨਜੀਤ ਕੌਰ, ਅੰਸ਼ੂ ਕਪੂਰ ਕੈਨੇਡਾ, ਰਮਨਪ੍ਰੀਤ ਭਾਰਦਵਾਜ ਆਦਿ ਸ਼ਾਮਲ ਹਨ। ਇਸ ਮੌਕੇ ਪਵਨ ਠਾਕੁਰ, ਮੰਗਲ ਸਿੰਘ ਔਜਲਾ, ਰਾਜਵੀਰ ਸਿੱਧੂ ਭਾਜਪਾ, ਰਜਤ ਸ਼ਰਮਾ ਮੇਰਾ ਬਚਪਨ ਸੋਸਾਇਟੀ, ਆਸ਼ੀਸ਼ ਗੁਪਤਾ ਬ੍ਰਾਂਚ ਮੈਨੇਜਰ ਐਚਡੀਐਫਸੀ, ਅਮਨਦੀਪ ਸਿੰਘ ਰੀਜਨਲ ਮਾਰਕੀਟਿੰਗ ਮੈਨੇਜਰ, ਸੰਜੇ ਸ਼ਰਮਾ, ਸੁਪ੍ਰੀਆ, ਪਲਕ, ਹਰਿੰਦਰ, ਜੇਨਾ, ਦਿਵਿਆ ਸ਼ਰਮਾ ਆਦਿ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।

# ਪਲਸ ਮੰਚ ਨਿਵੇਕਲੇ ਅੰਦਾਜ਼ 'ਚ ਮਨਾਏਗਾ ਵਿਸ਼ਵ ਰੰਗ ਮੰਚ ਦਿਹਾੜਾ

**ਫਿਲੌਰ/ਅੱਪਰਾ (ਦੀਪਾ)**-ਪੰਜਾਬ ਲੋਕ ਸਭਿਆਚਾਰਕ ਮੰਚ ( ਪਲਸ ਮੰਚ ) 27 ਮਾਰਚ ਨੂੰ ਕੌਮਾਂਤਰੀ ਵਿਸ਼ਵ ਰੰਗ ਮੰਚ ਦਿਹਾੜੇ ਤੇ ਰੰਗ ਮੰਚ ਅਤੇ ਲੋਕਾਂ ਦੇ ਨਹੁੰ ਮਾਸ ਦੇ ਰਿਸ਼ਤੇ ਨਾਲ਼ ਜੁੜਵੇਂ ਸਰੋਕਾਰਾਂ ਨੂੰ ਰੌਸ਼ਨੀ ਵਿਚ ਲਿਆਉਣ ਦਾ ਉਚੇ-ਚਾ ਉੱਦਮ ਕਰੇਗਾ।

ਪਲਸ ਮੰਚ ਦੇ ਪ੍ਰਧਾਨ ਅਮੋਲਕ ਸਿੰਘ ਕਾਰਜਕਾਰੀ ਸਕੱਤਰ ਹਰਕੇਸ਼ ਚੌਧਰੀ ਨੇ ਲਿਖਤੀ ਪ੍ਰੈਸ ਬਿਆਨ ਰਾਹੀਂ ਦੱਸਿਆ ਕਿ ਵਿਸ਼ਵ ਰੰਗ ਮੰਚ ਦਿਹਾੜਾ ਮਨਾਉਣ ਦਾ ਮਤਲਬ ਸਿਰਫ਼ ਉਸ ਦਿਨ ਨਾਟਕ ਖੇਡਣਾ ਅਤੇ ਨਾਟਕ ਦੇ ਦਰਸ਼ਕ ਹੋਣਾ ਹੀ ਕਾਫੀ ਨਹੀਂ ਸਗੋਂ 'ਜ਼ਿੰਦਗੀ ਦਾ ਰੰਗ ਮੰਚ' ਬਣ ਜਾਣਾ ਸਮੇਂ ਦੀ ਤਿੱਖੀ ਲੋੜ ਹੈ।

ਉਹਨਾਂ ਕਿਹਾ ਕਿ ਰੰਗ ਮੰਚ ਦੀਆਂ ਨਵੀਆਂ ਸਮੇਂ ਦੀਆਂ ਹਾਣੀਆਂ ਸਕਰਿਪਟਾਂ ਦੀ ਸਿਰਜਣਾ , ਕਲਾਕਾਰਾਂ, ਵਰਕਸ਼ਾਪਾਂ ਲਾਉਣ ਦੇ ਕਾਰਜ ਹੱਥ ਲੈਣ ਦੀ ਲੋੜ ਹੈ।ਪੁੰਗਰਦੀ ਪਨੀਰੀ ਅਤੇ ਚੜ੍ਹਦੀ ਜੁਆਨੀ ਨੂੰ ਰੰਗ ਮੰਚ ਦੇ ਲੜ ਲਾਉਣ ਲਈ ਗੰਭੀਰਤਾ ਨਾਲ ਉਪਰਾਲੇ ਕਰਨ ਦਾ ਕਾਰਜ ਹੱਥ




ਲੈਣਾ ਚਾਹੀਦਾ ਹੈ।

ਵਿਸ਼ਵ ਰੰਗ ਮੰਚ ਦਿਹਾੜੇ ਮੌਕੇ ਮਿਹਨਤਕਸ਼ ਲੋਕਾਂ ਦੇ ਸਭਨਾਂ ਤਬਕਿਆਂ ਵਿਚ ਇਹ ਚਿੰਤਨ ਲਿਜਾਣ ਦਾ ਯਤਨ ਕੀਤਾ ਜਾਏਗਾ ਕਿ ਉਹ ਆਪਣੀਆਂ ਸਰਗਰਮੀਆਂ ਵਿਚ ਸਾਹਿਤ, ਕਲਾ ਸੱਭਿਆਚਾਰ ਦੀ ਮਹੱਤਤਾ ਬਾਰੇ ਚੇਤਨਾ ਦਾ ਚਾਨਣ ਲਿਜਾਣ ਲਈ ਸਿਰਤੋੜ ਯਤਨ ਕਰਨ। ਲੋਕ ਸਰੋਕਾਰਾਂ, ਸਰਗਰਮੀਆਂ ਅਤੇ ਕਲਾ ਦਾ ਅਟੁੱਟ ਰਿਸ਼ਤਾ ਉਘਾੜਨ ਲਈ ਉੱਦਮ ਜੁਟਾਏ ਜਾਣਗੇ।

ਪਲਸ ਮੰਚ ਦੇ ਆਗੂਆਂ ਦੱਸਿਆ ਕਿ ਵਿਸ਼ਵ ਰੰਗ ਮੰਚ ਦਿਹਾੜੇ ਮੌਕੇ ਮੰਚ ਦੀਆਂ ਸਮੂਹ ਟੀਮਾਂ ਸਰਗਰਮੀਆਂ ਵਿਚ ਜੁਟਣਗੀਆਂ ਅਤੇ ਹੁਣ ਤੋਂ ਹੀ ਉਹ ਸਰਗਰਮੀਆਂ ਦਾ ਖ਼ਾਕਾ ਉਲੀਕਣ ਦਾ ਯਤਨ ਕਰਨਗੀਆਂ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਨਸ਼ਿਆਂ ਦੇ ਮਾਮਲੇ ਵਿੱਚ ਸਿਆਸੀ ਬਦਲਾਖੋਰੀ ਤਾਂ ਨਹੀਂ

## ਕੋਠੀ ਸੁਖਪਾਲ ਸਿੰਘ ਖਹਿਰਾ ਦੀ ਨਸ਼ਾ ਤਸਕਰ ਨਾਲ ਜੋੜ ਕੇ ਕੀਤੀ ਕਾਰਵਾਈ

**ਬਲਬੀਰ ਸਿੰਘ ਬੱਬੀ**
ਪੰਜਾਬ ਵਿੱਚ ਰਾਜ ਕਰ ਹੀ ਆਮ ਆਦਮੀ ਪਾਰਟੀ ਜਿਸ ਦੇ ਮੁੱਖ ਮੰਤਰੀ ਭਗਵੰਤ ਮਾਨ ਹਨ ਉਹਨਾਂ ਨੇ ਆਪਣੀ ਸਰਕਾਰ ਵੱਲੋਂ ਪੰਜਾਬ ਪੁਲਿਸ ਨਾਲ ਮਿਲ ਕੇ ਪੰਜਾਬ ਵਿੱਚ ਨਸ਼ਿਆਂ ਦੇ ਵਿਰੁੱਧ ਵੱਡੀ ਮੁਹਿੰਮ ਛੇੜੀ ਹੈ ਇਸ ਮੁਹਿੰਮ ਦੇ ਵਿੱਚ ਨਸ਼ਾ ਤਸਕਰਾਂ ਨੂੰ ਕਾਬੂ ਕੀਤਾ ਜਾ ਰਿਹਾ ਹੈ ਉਹਨਾਂ ਦੀਆਂ ਜਾਇਦਾਦਾਂ ਵਾਹੀਆਂ ਜਾ ਰਹੀਆਂ ਹਨ ਜੋ ਜਾਇਦਾਦਾਂ ਸਰਕਾਰੀ ਕਬਜੇ ਵਾਲੀ ਜਮੀਨ ਵਿੱਚ ਉਹਨਾਂ ਨੂੰ ਡੇਗਿਆ ਜਾ ਰਿਹਾ ਹੈ ਇਸ ਤੋਂ ਇਲਾਵਾ ਨਸਾ ਬਹੁਤ ਫੜਿਆ ਜਾ ਰਿਹਾ ਤੇ ਬਹੁਤ ਕੁਝ ਸਾਹਮਣੇ ਆ ਰਿਹਾ ਹੈ।

ਪਰ ਅੱਜ ਇੱਕ ਹੈਰਾਨ ਕਰਨ ਵਾਲਾ ਮਾਮਲਾ ਸਾਹਮਣੇ ਆਇਆ ਹੈ ਉਹ ਇਹ ਹੈ ਕਿ ਭੁਲੱਥ ਤੋਂ ਕਾਂਗਰਸ ਦੇ ਵਿਧਾਇਕ ਤੇ ਤੇਜ ਤਰਾਰ ਆਗੂ ਸੁਖਪਾਲ ਸਿੰਘ ਖਹਿਰਾ ਜੋ ਕਿਸੇ ਵੇਲੇ ਆਮ ਆਦਮੀ ਪਾਰਟੀ ਦੇ ਵਿੱਚ ਸਨ ਤੇ ਪ੍ਰਮੁੱਖ ਅਹੁਦਿਆਂ ਉੱਤੇ ਰਹੇ। ਖਹਿਰਾ ਨਿਡਰ ਹੋ ਕੇ ਅਨੇਕਾਂ ਮਸਲੇ ਜੋ ਪੰਜਾਬ ਨਾਲ ਸੰਬੰਧਿਤ ਹਨ ਉਹਨਾਂ ਨੂੰ ਚੁੱਕਦੇ ਹਨ ਪਰ ਅੱਜ ਨਸ਼ਿਆਂ ਦੇ ਮਾਮਲੇ ਦੇ ਵਿੱਚ ਹੈਰਾਨ ਕਰਨ ਵਾਲਾ ਮਾਮਲਾ ਸਾਹਮਣੇ ਆਇਆ ਹੈ ਸੁਖਪਾਲ ਸਿੰਘ ਖਹਿਰਾ ਦੀ ਚੰਡੀਗੜ੍ਹ ਵਿਚਲੀ ਇੱਕ ਕੋਠੀ ਜਿਸ ਵਿੱਚ ਉਹ ਆਪਣੇ



ਪਰਿਵਾਰ ਸਮੇਤ ਲੰਬੇ ਸਮੇਂ ਤੋਂ ਰਹਿ ਰਹੇ ਹਨ ਉਸ ਨੂੰ ਨਸ਼ਾ ਤਸਕਰਾਂ ਦੇ ਨਾਲ ਪੰਜਾਬ ਪੁਲਿਸ, ਪੰਜਾਬ ਸਰਕਾਰ ਈਡੀ ਵੱਲੋਂ ਜੋੜ ਦਿੱਤਾ ਗਿਆ ਹੈ। ਗੁਰਦੇਵ ਸਿੰਘ ਦੇਬੂ ਨਾਂ ਦਾ ਨਸ਼ਾ ਤਸਕਰ ਜਿਸ ਦੇ ਮਾਮਲੇ ਵਿੱਚ ਪਹਿਲਾਂ ਵੀ ਸੁਖਪਾਲ ਸਿੰਘ ਕਹਿਰਾ ਉੱਪਰ ਕੇਸ ਦਰਜ ਹੋਇਆ ਸੀ ਤੇ ਉਸ ਨੂੰ ਅਦਾਲਤ ਨੇ ਅੱਖੋਂ ਪਰੋਖੇ ਕਰ ਦਿੱਤਾ ਸੀ ਹੁਣ ਦੁਬਾਰਾ ਅੱਜ ਈਡੀ ਦਾ ਮਾਮਲਾ ਸਾਹਮਣੇ ਆਇਆ ਹੈ ਕਿ ਨਸ਼ਾ ਤਸਕਰ ਗੁਰਦੇਵ ਸਿੰਘ ਦੇਬੂ ਦੇ ਨਾਲ ਸੁਖਪਾਲ ਸਿੰਘ ਖਹਿਰਾ ਦੀ ਜੋ ਚੰਡੀਗੜ੍ਹ ਵਿਚਲੀ ਕੋਠੀ ਹੈ ਉਹ ਅਟੈਚ ਕਰ ਦਿੱਤੀ ਗਈ ਹੈ ਇਸ ਕੋਠੀ ਦੀ ਕੀਮਤ ਕਰੋੜ ਤਿੰਨ ਚਾਰ ਕਰੋੜ ਦੇ ਲਗਭਗ ਦੱਸੀ ਜਾ ਰਹੀ ਹੈ। ਅੱਜ ਜਦੋਂ ਇਹ ਖਬਰ ਆ ਸਾਹਮਣੇ ਆਈਆਂ ਤਾਂ ਇਕਦਮ ਹੀ ਸਾਰੇ ਲੋਕ ਹੈਰਾਨ ਰਹਿ ਗਏ ਇਸ ਮਾਮਲੇ ਦੇ ਵਿੱਚ ਅੱਗੇ ਕੀ ਕੁਝ ਨਿਕਲਦਾ ਹੈ ਇਹ ਦੇਖਦੇ ਹਾਂ।

ਖਹਿਰਾ ਜੀ ਦਾ ਕਹਿਣਾ ਸੀ ਕਿ ਇਹ ਕਾਰਵਾਈ ਹੈ ਜੋ ਮੇਰੇ ਨਾਲ ਸਿਆਸੀ ਬਦਲਾਖੋਰੀ ਲਈ ਕੀਤੀ ਜਾ ਰਹੀ ਹੈ। ਸਭ ਨੂੰ ਪਤਾ ਹੈ ਕਿ ਮੈਂ ਪੰਜਾਬ ਨਾਲ ਸੰਬੰਧਿਤ ਜੋ ਵੀ ਮੁੱਦੇ ਨੇ ਉਹ ਚੁੱਕ ਰਿਹਾ ਚਾਹੇ ਉਹ ਜੁਆਪਾ ਹੋਵੇ ਚਾਹੇ ਪੁਲਿਸ ਦਾ ਹੋਰ ਕੋਈ ਕਹਿਰ ਹੋਵੇ ਚਾਹੇ ਲੰਘੀਆ ਐਮਸੀ ਚੋਣਾਂ ਹੋਣ ਤੇ ਮੈਂ ਡੱਟ ਕੇ ਹਰ ਗੱਲ ਤੇ ਧੱਕੇ ਵਿਰੁੱਧ ਖੜਦਾ ਹਾਂ ਪੰਜਾਬ ਵਾਸੀਆਂ ਦੇ ਹੱਕ ਵਿੱਚ ਸੱਚ ਬੋਲਣ ਦੀ ਇਹ ਮੈਨੂੰ ਸਜ਼ਾ ਮਿਲੀ ਹੈ ਪਰ ਰਾਹੀਂ ਅਸੀਂ ਇਸ ਮਾਮਲੇ ਦੇ ਵਿੱਚ ਕਾਨੂੰਨੀ ਲੜਾਈ ਲੜਾਂਗੇ ਕਿਉਂਕਿ ਮੇਰਾ ਪੁੱਤਰ ਖੁਦ ਐਡਵੋਕੇਟ ਹੈ ਤੇ ਬਾਕੀ ਪਾਰਟੀ ਤੇ ਹੋਰ ਸਾਰਿਆਂ ਦੇ ਨਾਲ ਫੈਸਲਾ ਕਰਨ ਤੋਂ ਬਾਅਦ ਅਗਲੀ ਕਾਨੂੰਨੀ ਕਾਰਵਾਈ ਸ਼ੁਰੂ ਕਰਾਂਗੇ।

# ਬੇਬੇ ਨਾਨਕੀ ਯੂਨੀਵਰਸਿਟੀ ਕਾਲਜ ਮਿੱਠੜਾ ਦੇ ਵਿਦਿਆਰਥੀਆਂ ਦਾ ਪੋਸਟਰ ਮੇਕਿੰਗ ਮੁਕਾਬਲੇ 'ਚ ਸ਼ਾਨਦਾਰ ਪ੍ਰਦਰਸ਼ਨ

**ਕਪੂਰਥਲਾ (ਕੌੜਾ)-** ਉਪ ਕੁਲਪਤੀ ਪ੍ਰੋਫੈਸਰ ਡਾ. ਕਰਮਜੀਤ ਸਿੰਘ ਜੀ ਦੀ ਰਹਿਨੁਮਾਈ ਅਤੇ ਪ੍ਰਿੰਸੀਪਲ ਡਾਕਟਰ ਜਗਸੀਰ ਸਿੰਘ ਬਰਾੜ ਜੀ ਦੀ ਅਗਵਾਈ ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਸਿੱਧੇ ਪ੍ਰਬੰਧਾਂ ਹੇਠ ਕਾਰਜਸ਼ੀਲ ਬੇਬੇ ਨਾਨਕੀ ਯੂਨੀਵਰਸਿਟੀ ਕਾਲਜ, ਮਿੱਠੜਾ ਦੇ ਵਿਦਿਆਰਥੀਆਂ ਨੇ ਪੁਸ਼ਪਾ ਗੁਜਰਾਲ ਸਾਇੰਸ ਸਿਟੀ, ਕਪੂਰਥਲਾ ਵਿੱਚ ਆਯੋਜਿਤ ਪੋਸਟਰ ਮੇਕਿੰਗ ਮੁਕਾਬਲੇ ਵਿੱਚ ਭਾਗ ਲੈਂਦੇ ਹੋਏ ਆਪਣੀ ਪ੍ਰਤਿਭਾ ਦਾ ਸ਼ਾਨਦਾਰ ਪ੍ਰਦਰਸ਼ਨ ਕਰਕੇ ਕਾਲਜ ਦਾ ਨਾਮ ਰੌਸ਼ਨ ਕੀਤਾ।

ਇਸ ਮੁਕਾਬਲੇ ਵਿੱਚ ਕਾਲਜ ਦੇ ਕਾਸਮੋਟੋਲੋਜੀ ਵਿਭਾਗ ਦੀ ਵਿਦਿਆਰਥਣ ਜਸਮਾਈਲਪ੍ਰੀਤ ਕੌਰ ਨੇ ਵਿਸ਼ੇਸ਼ ਸਨਮਾਨ ਹਾਸਿਲ ਕੀਤਾ। ਕਾਸਮੋਟੋਲੋਜੀ ਵਿਭਾਗ ਦੇ ਇੰਚਾਰਜ ਮੈਡਮ ਪਲਕਾ ਜੀ ਇਸ ਮੌਕੇ ਤੇ ਵਿਦਿਆਰਥੀਆਂ ਦੇ ਨਾਲ ਹਾਜ਼ਰ ਸਨ। ਇਸ ਪ੍ਰਾਪਤੀ ਉਪਰੰਤ ਸਾਇੰਸ ਵਿਭਾਗ ਦੇ ਮੁਖੀ ਡਾਕਟਰ




ਪਰਮਜੀਤ ਕੌਰ ਨੇ ਵਿਦਿਆਰਥੀਆਂ ਨੂੰ ਮੁਬ-ਾਰਕਬਾਦ ਦਿੰਦੇ ਹੋਏ ਅਜਿਹੀਆਂ ਗਤੀਵਿਧੀਆਂ ਵਿੱਚ ਨਿਰੰਤਰ ਭਾਗ ਲੈਣ ਲਈ ਉਤਸ਼ਾਹਿਤ ਕੀਤਾ। ਪ੍ਰਿੰਸੀਪਲ ਡਾਕਟਰ ਜਗਸੀਰ ਸਿੰਘ ਬਰਾੜ ਜੀ ਨੇ ਕਿਹਾ ਕਿ ਵਿਦਿਆਰਥੀਆਂ ਦੀ ਇਹ ਪ੍ਰਾਪਤੀ ਨਾ ਸਿਰਫ ਉਨ੍ਹਾਂ ਦੀ ਮਿਹਨਤ ਦਾ ਨਤੀਜਾ ਹੈ, ਬਲਕਿ ਕਾਲਜ ਵਿੱਚ ਚੱਲ ਰਹੀਆਂ ਰਚਨਾਤਮਕ ਗਤੀਵਿਧੀਆਂ ਦੀ ਵੀ ਪ੍ਰਤੀਕ ਹੈ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਅਜੇਹੇ ਮੁਕਾਬਲਿਆਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕੀਤਾ।

# ਐੱਸ ਐੱਸ ਡੀ ਕਾਲਜ, ਬਰਨਾਲਾ 'ਚ"ਯੁੱਧ ਨਸ਼ਿਆਂ ਵਿਰੁੱਧ" ਤੇ ਸੈਮੀਨਾਰ ਕਰਵਾਇਆ

ਯੁਵਾ ਮਾਮਲੇ ਅਤੇ ਖੇਡ ਮੰਤਰਾਲਾ ਭਾਰਤ ਸਰਕਾਰ ਦੇ ਅਦਾਰੇ ਨਹਿਰੂ ਯੁਵਾ ਕੇਂਦਰ ਬਰਨਾਲਾ ਵਲੋਂ ਮਾਨਯੋਗ ਡਿਪਟੀ ਕਮਿਸ਼ਨਰ ਬਰਨਾਲਾ ਸ਼੍ਰੀ ਟੀ ਬੇਨਿਥ ਦੇ ਨਿਰਦੇਸ਼ ਅਨੁਸਾਰ ਐੱਸ ਐੱਸ ਡੀ ਕਾਲਜ ਬਰਨਾਲਾ ਦੇ ਸਹਿਯੋਗ ਨਾਲ "ਯੁੱਧ ਨਸ਼ਿਆਂ ਵਿਰੁੱਧ" ਦੇ ਬੈਨਰ ਹੇਠ ਇੱਕ ਸੈਮੀਨਾਰ ਆਯੋਜਿਤ ਕੀਤਾ ਗਿਆ । ਜਿਸ ਵਿਚ ਨਹਿਰੂ ਯੁਵਾ ਕੇਂਦਰ ਤੋਂ ਲੇਖਾ ਅਤੇ ਪ੍ਰੋਗਰਾਮ ਸਹਾਇਕ ਰਿਸ਼ਿਵ ਸਿੰਗਲਾ ਅਤੇ ਕਾਲਜ ਦੇ ਪ੍ਰਿੰਸੀਪਲ ਡਾ. ਰਾਕੇਸ਼ ਜਿੰਦਲ ਸਮੂਹ ਸਟਾਫ ਅਤੇ ਵਿਦਿਆਰਥੀਆਂ ਨੇ ਸ਼ਮੂਲੀਅਤ ਕੀਤੀ। ਮੁੱਖ ਮਹਿਮਾਨ ਦੇ ਤੌਰ ਤੇ ਸ਼੍ਰੀਮਤੀਜਗਬੀਰ ਕੌਰ, ਸਹਾਇਕ ਲੋਕ ਸੰਪਰਕ ਅਧਿਕਾਰੀ ਬਰਨਾਲਾ ਪਹੁੰਚੇ । ਪ੍ਰੋਗਰਾਮ ਦੀ ਸ਼ੁਰੂਆਤ ਵਿਚ ਕਾਲਜ ਦੇ ਪ੍ਰਿੰਸੀਪਲ ਵੱਲੋਂ ਸਭ ਨੂੰ ਜੀ ਆਇਆਂ ਨੂੰ ਕਿਹਾ ਗਿਆ । ਮੁੱਖ ਮਹਿਮਾਨ ਮੈਡਮ ਜਗਬੀਰ ਕੌਰ ਨੇ ਸਰਕਾਰ ਦੇ ਉਪਰਾਲੇ "ਯੁੱਧ ਨਸ਼ਿਆਂ ਵਿਰੁੱਧ" ਦੀ ਪ੍ਰਸੰਗਿਕਤਾ ਦੱਸਦਿਆਂ ਕਿਹਾ ਕਿ ਸਾਨੂੰ ਸਭ ਨੂੰ ਸਰਕਾਰ ਦੇ ਨਸ਼ੇ ਰੋਕਣ ਦੀ ਮੁਹਿੰਮ ਵਿੱਚ ਸਹਿਯੋਗ



ਕਰਨਾ ਚਾਹੀਦਾ ਹੈ । ਇਸ ਮੁਹਿੰਮ ਵਿੱਚ ਨੌਜਵਾਨਾਂ ਦੀ ਭੂਮਿਕਾ ਬਹੁਤ ਮਹੱਤਵਪੂਰਨ ਹੈ । ਕਾਲਜ ਦੇ ਵਿਦਿਆਰਥੀਆਂ ਨੇ ਸਕਿਟ ਕਵਿਤਾਵਾਂ ਅਤੇ ਭਾਸ਼ਣ ਰਾਹੀਂ ਨਸ਼ੇ ਰੋਕਣ ਲਈ ਪ੍ਰੇਰਿਤ ਕੀਤਾ । ਉਪਰੰਤ ਪ੍ਰੋਗਰਾਮ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ। ਮੰਚ ਸੰਚਾਲਨ ਪ੍ਰੋ ਹਰਪ੍ਰੀਤ ਕੌਰ ,ਪ੍ਰੋ ਗੁਰਪਿਆਰ ਸਿੰਘ ਨੇ ਬਾਖੂਬੀ ਨਾਲ ਕੀਤਾ ਅਤੇ ਇਸ ਮੌਕੇ ਤੇ ਪ੍ਰੋ ਨਰਿੰਦਰ ਕੌਰ , ਪ੍ਰੋ ਪਰਵਿੰਦਰ ਕੌਰ , ਪ੍ਰੋ ਭਾਰਤ ਭੂਸ਼ਣ ਅਤੇ ਆਦਿ ਪ੍ਰੋਫੈਸਰ ਸਹਿਬਾਨ ਵੀ ਸ਼ਾਮਲ ਹੋਏ। ਅੰਤ ਵਿਚ ਕਾਲਜ ਕੋਆਰਡੀਨੇਟਰ ਅਸ਼ੀਸ਼ ਜਿੰਦਲ ਨੇ ਸਾਰੇ ਆਏ ਹੋਏ ਮਹਿਮਾਨਾਂ, ਕਾਲਜ ਸਟਾਫ ਅਤੇ ਨੌਜਵਾਨਾਂ ਦਾ ਇਸ ਪ੍ਰੋਗਰਾਮ ਵਿਚ ਭਾਗ ਲੈਣ ਲਈ ਧੰਨਵਾਦ ਕੀਤਾ ।

# ਨੈਸ਼ਨਲ ਹਾਈਵੇ ਅਥਾਰਟੀ ਨੇ ਆਰਬੀਟੇਟਰ ਦੇ ਫੈਸਲੇ ਤੇ ਲਾਏ ਇਤਰਾਜ਼ ਵਾਪਸ ਨਾ ਲਏ ਤਾਂ ਐਕਸਪ੍ਰੈਸ ਵੇਅ ਦਾ ਕੰਮ ਮੁਕੰਮਲ ਬੰਦ ਹੋਵੇਗਾ-ਰੋਡ ਸੰਘਰਸ਼ ਕਮੇਟੀ

## 12 ਮਾਰਚ ਨੂੰ ਨੈਸ਼ਨਲ ਹਾਈਵੇ ਅਥਾਰਟੀ, ਡਿਪਟੀ ਕਮਿਸ਼ਨਰ ਅਤੇ ਰੋਡ ਸੰਘਰਸ਼ ਕਮੇਟੀ ਦੀ ਹੋਵੇਗੀ ਅਹਿਮ ਮੀਟਿੰਗ

**ਕਪੂਰਥਲਾ ( ਕੌੜਾ )-** ਦਿੱਲੀ ਅੰਮ੍ਰਿਤਸਰ ਕਟੜਾ ਅਤੇ ਜਾਮ-ਨਗਰ ਬਠਿੰਡਾ ਟਿੱਬਾ ਐਕਸਪ੍ਰੈਸ ਵੇਅ ਲਈ ਕਪੂਰਥਲਾ ਜ਼ਿਲ੍ਹੇ ਅੰਦਰ ਐਕਵਾਇਰ ਕੀਤੀਆਂ ਜਮੀਨਾਂ ਦਾ ਮੁਆਵਜ਼ਾ ਘੱਟ ਦਿੱਤੇ ਜਾਣ ਤੇ ਕਿਸਾਨਾਂ ਵੱਲੋਂ ਲੜੀ ਗਈ ਕਾਨੂੰਨੀ ਲੜਾਈ ਤੋਂ ਬਾਅਦ ਆਰਬੀਟੇਟਰ ਵੱਲੋਂ ਮੁਆਵਜ਼ਾ ਵਧਾਉਣ ਸਬੰਧੀ ਦਿੱਤੇ ਦੇ ਫੈਸਲੇ ਵਿਰੁੱਧ ਨੈਸ਼ਨਲ ਹਾਈਵੇ ਅਥਾਰਟੀ ਵੱਲੋਂ ਇਤਰਾਜ਼ ਕੀਤੇ ਜਾਣ ਤੇ ਭੜਕੇ ਹੋਏ ਕਿਸਾਨਾਂ ਨੇ ਰੋਡ ਸੰਘਰਸ਼ ਕਮੇਟੀ ਦੀ ਅਗਵਾਈ ਹੇਠ ਦਾਣਾ ਮੰਡੀ ਸੁਲਤਾਨਪੁਰ ਲੋਧੀ ਵਿਖੇ ਹੰਗਾਮੀ ਮੀਟਿੰਗ ਕਰਦਿਆਂ ਨੈਸ਼ਨਲ ਹਾਈਵੇ ਅਥਾਰਟੀ ਦੇ ਵਿਰੁੱਧ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਇਸ ਮੌਕੇ ਰੋਡ ਸੰਘਰਸ਼ ਕਮੇਟੀ ਅਤੇ ਪ੍ਰਭਾਵਿਤ ਹੋ ਰਹੇ ਕਿਸਾਨਾਂ ਨੇ ਐਲਾਨ ਕੀਤਾ ਕਿ ਜੇ 12 ਮਾਰਚ ਨੂੰ ਕਮੇਟੀ ਦੀ ਡਿਪਟੀ ਕਮਿਸ਼ਨਰ ਕਪੂਰਥਲਾ ਅਤੇ ਨੈਸ਼ਨਲ ਹਾਈਵੇ ਅਥਾਰਟੀ ਦੇ ਅਧਿਕਾਰੀਆਂ ਨਾਲ ਹੋਣ ਵਾਲੀ ਮੀਟਿੰਗ ਵਿੱਚ ਲਾਏ ਗਏ ਇਤਰਾਜ਼ ਵਾਪਸ ਨਾ ਲਏ ਗਏ ਤਾਂ ਅਗਲੇ ਦਿਨ ਹੀ ਦਿੱਲੀ ਕਟੜਾ ਅੰਮ੍ਰਿਤਸਰ ਅਤੇ ਜਾਮਨਗਰ ਬਠਿੰਡਾ ਐਕਸਪ੍ਰੈਸ ਵੇਅ ਦਾ ਜਿਲੇ ਅੰਦਰ ਮੁਕੰਮਲ ਰੂਪ ਵਿੱਚ ਕੰਮ ਬੰਦ ਕਰ ਦਿੱਤਾ ਜਾਵੇਗਾ। ਇਸ ਮੌਕੇ ਕਿਸਾਨਾਂ ਦੇ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਰੋਡ ਸੰਘਰਸ਼ ਕਮੇਟੀ ਦੇ ਪ੍ਰਧਾਨ ਪ੍ਰਭਦਿਆਲ ਸਿੰਘ ਜੋਸਨ, ਬਖਸ਼ੀਸ਼ ਸਿੰਘ ਤਲਵੰਡੀ ਚੌਧਰੀਆਂ,ਭਾਰਤ ਗਾਬਾ ਨਡਾਲਾ, ਤਰਸੇਮ ਸਿੰਘ ਰਣਧੀਰ ਪੁਰ,ਹਰਿੰਦਰ ਸਿੰਘ ਕਾਲੇਵਾਲ ਆਦਿ ਨੇ ਕਿਹਾ ਕਿ ਨੈਸ਼ਨਲ ਹਾਈਵੇ ਅਥਾਰਟੀ ਅਤੇ ਪ੍ਰਸ਼ਾਸਨ ਨੇ 2020 ਵਿੱਚ ਐਕਵਾਇਰ ਕੀਤੀਆਂ ਜਮੀਨਾਂ ਦਾ ਬੇਸਿਕ ਮੁੱਲ ਤੈਅ ਕਰਨ ਸਮੇਂ ਕਿਸਾਨਾਂ ਨਾਲ਼ ਵੱਡਾ ਧੱਕਾ ਕੀਤਾ ਸੀ। ਉਸ ਸਮੇਂ ਇਨ੍ਹਾਂ ਨੇ ਬੇਸਿਕ ਕੀਮਤ ਦਸ ਲੱਖ ਪ੍ਰਤੀ ਏਕੜ ਤੈਅ ਕੀਤੀ ਸੀ ਜੋ ਬਾਜ਼ਾਰੀ ਕੀਮਤ ਤੋਂ ਘੱਟ ਸੀ। ਰੋਡ ਸੰਘਰਸ਼ ਕਮੇਟੀ ਨੇ ਐਕਵਾਇਰ ਕੀਤੀਆਂ ਜਮੀਨਾਂ ਦਾ ਸਹੀ ਮੁਆਵਜ਼ਾ ਲੈਣ ਲਈ ਆਰਬੀਟੇਟਰ ਕੋਲ਼ ਅਪੀਲ ਕੀਤੀ, ਜਿਸ ਨੇ ਨਿਯਮਾਂ ਅਨੁਸਾਰ ਕਪੂਰਥਲਾ ਜ਼ਿਲ੍ਹੇ ਅੰਦਰ ਜਮੀਨ ਦੀ ਬੇਸਿਕ ਕੀਮਤ ਵੀਹ ਲੱਖ ਪ੍ਰਤੀ ਏਕੜ ਤੈਅ ਕੀਤੀ। ਪਰ ਨੈਸ਼ਨਲ ਹਾਈਵੇ ਅਥਾਰਟੀ ਨੇ ਇਸ ਤੇ ਇਤਰਾਜ਼ ਪ੍ਰਗਟ ਦਿੱਤਾ। ਉਨ੍ਹਾਂ ਨੇ ਕਿਹਾ ਕਿ ਜੇ ਹਰਿਆਣਾ ਅਤੇ ਹੋਰ ਸੂਬਿਆਂ ਵਿੱਚ ਨੈਸ਼ਨਲ ਹਾਈਵੇ ਅਥਾਰਟੀ ਐਕਵਾਇਰ ਕੀਤੀਆਂ ਜਮੀਨਾਂ ਦਾ 90 ਲੱਖ ਪ੍ਰਤੀ ਏਕੜ ਦਿੱਤਾ ਜਾ ਸਕਦਾ ਹੈ ਤਾਂ ਫਿਰ ਪੰਜਾਬ ਦੇ ਕਿਸਾਨਾਂ ਨੂੰ ਕਿਉਂ ਨਹੀਂ। ਉਹਨਾਂ ਨੇ ਕਿਹਾ ਕਿ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਇਤਿਹਾਸਕ ਫੈਸਲਾ ਲੈਂਦਿਆਂ ਐਕਵਾਇਰ ਕੀਤੀਆਂ ਜਾਣ ਵਾਲੀਆਂ ਜਮੀਨਾਂ ਦਾ ਮੁਆਵਜ਼ਾ ਬਾਜ਼ਾਰੀ ਕੀਮਤ ਦਾ ਚਾਰ ਗੁਣਾ ਦੇਣ ਦਾ ਐਲਾਨ ਕੀਤਾ ਸੀ ਪਰ ਮੌਜੂਦਾ ਸਰਕਾਰ ਨੇ ਉਸ ਫੈਸਲੇ ਨੂੰ ਰੱਦ ਕਰ ਦਿੱਤਾ। ਜਿਸ ਨਾਲ ਕਿਸਾਨਾਂ ਨੂੰ ਵੱਡਾ ਆਰਥਿਕ ਨੁਕਸਾਨ ਉਠਾਉਣਾ ਪੈ ਰਿਹਾ ਹੈ। ਇਸ ਮੌਕੇ ਉਨ੍ਹਾਂ ਨੇ ਨੈਸ਼ਨਲ ਹਾਈਵੇ ਅਥਾਰਟੀ ਅਤੇ ਪ੍ਰਸ਼ਾਸਨ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਜੇ ਉਨ੍ਹਾਂ ਨੇ ਐਕਸਪ੍ਰੈਸ ਵੇਅ ਦੇ ਕੰਮ ਬੰਦ ਕੀਤੇ ਜਾਣ ਸਮੇਂ ਕੋਈ ਧੱਕੇਸ਼ਾਹੀ ਕੀਤੀ ਤਾਂ ਉਨ੍ਹਾਂ ਨੂੰ ਕਿਸਾਨ ਮੂੰਹ ਤੋੜਵਾਂ ਜਵਾਬ ਦੇਣਗੇ। ਉਨ੍ਹਾਂ ਨੇ ਕਿਹਾ ਕਿ ਵੱਖ-ਵੱਖ ਕਿਸਾਨ ਜਥੇਬੰਦੀਆਂ ਦਾ ਵੀ ਸਹਿਯੋਗ ਲਿਆ ਜਾ ਰਿਹਾ ਹੈ। ਇਸ ਮੌਕੇ ਜਸਵਿੰਦਰ ਸਿੰਘ ਟਿੱਬਾ,ਦਿਆਲ ਸਿੰਘ ਦੀਪੇਵਾਲ, ਰਣਜੀਤ ਸਿੰਘ ਰਾਣਾ ਕਾਲਰੂ, ਮੁਖਤਿਆਰ ਸਿੰਘ ਭਗਤਪੁਰ, ਨੰਬਰਦਾਰ ਮਲਕੀਤ ਸਿੰਘ, ਰੇਸ਼ਮ ਸਿੰਘ ਅਮਾਨੀਪੁਰ, ਇੰਦਰਜੀਤ ਸਿੰਘ ਲਿਫਟਰ,ਸੀਤਲ ਸਿੰਘ ਟਿੱਬਾ, ਤੇਜਿੰਦਰਪਾਲ ਮੱਟਾ, ਸੁਖਦੇਵ ਸਿੰਘ ਟਿੱਬਾ, ਹਰਜਿੰਦਰ ਸਿੰਘ ਕਾਲਰੂ, ਬੱਗਾ ਸਿੰਘ,ਜਗਦੀਪ ਸਿੰਘ ਗਾਂਧਾ ਸਿੰਘ ਵਾਲਾ, ਸੁਖਜਿੰਦਰ ਸਿੰਘ, ਜਗਤਾਰ ਸਿੰਘ ਅਤੇ ਹੋਰ ਕਿਸਾਨ ਵੱਡੀ ਗਿਣਤੀ ਵਿੱਚ ਹਾਜ਼ਰ ਸਨ।



**ਰੋਡ ਸੰਘਰਸ਼ ਕਮੇਟੀ ਦੀ ਅਗਵਾਈ ਹੇਠ ਕਿਸਾਨ ਐਕਵਾਇਰ ਕੀਤੀਆਂ ਜਮੀਨਾਂ ਮੁਆਵਜ਼ੇ ਨੂੰ ਲੈ ਕੇ ਨੈਸ਼ਨਲ ਹਾਈਵੇ ਅਥਾਰਟੀ ਅਤੇ ਪ੍ਰਸ਼ਾਸਨ ਵਿਰੁੱਧ ਜ਼ੋਰਦਾਰ ਨਾਅਰੇਬਾਜ਼ੀ ਕਰਦੇ ਹੋਏ।**

# ਕਈ ਪਾਰਟੀਆਂ ਦੇ ਵਰਕਰ ਛੱਡ ਕੇ ਬਸਪਾ ਵਿੱਚ ਆਏ: ਐਡਵੋਕੇਟ ਅਵਤਾਰ ਸਿੰਘ ਕਰੀਮਪੁਰੀ

## ਬਸਪਾ ਦੀ 15 ਮਾਰਚ ਦੀ ਰੈਲੀ ਵਿੱਚ ਗੱਡੀਆਂ ਭਰ ਭਰ ਕੇ ਫਗਵਾੜਾ ਆਉਣਗੇ -ਲਾਲ ਚੰਦ ਔਜਲਾ







**ਫਿਲੌਰ( ਚਰਨਜੀਤ ਸੱਲ੍ਹਾ )** ਬਾਮਸੇਫ, ਡੀ ਐਸ ਫੋਰ, ਬਸਪਾ ਦੇ ਸੰਸਥਾਪਕ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੇ 15 ਮਾਰਚ ਨੂੰ ਦਾਣਾ ਮੰਡੀ ਫਗਵਾੜਾ ਵਿੱਚ ਪੰਜਾਬ ਸੰਭਾਲੋ ਰੈਲੀ ਦੀ ਤਿਆਰੀ ਲਈ ਹਲਕਾ ਫਿਲੌਰ ਦੇ ਸ਼ਹਿਰ ਗੁਰਾਇਆ ਵਿਸ਼ਾਲ ਮੀਟਿੰਗ ਕੀਤੀ ਗਈ। ਇਸ ਮੌਕੇ ਤੇ ਵੱਖ ਵੱਖ ਪਾਰਟੀਆਂ ਦੇ ਦੋ ਦਰਜਨ ਆਗੂ ਬਹੁਜਨ ਸਮਾਜ ਪਾਰਟੀ ਵਿੱਚ ਸ਼ਾਮਲ ਹੋਏ। ਮੀਟਿੰਗ ਵਿੱਚ ਮੁੱਖ ਮਹਿਮਾਨ ਬਸਪਾ ਦੇ ਸੂਬਾ ਪ੍ਰਧਾਨ ਡਾ ਅਵਤਾਰ ਸਿੰਘ ਕਰੀਮਪੁਰੀ ਜੀ ਪਹੁੰਚੇ ਅਤੇ ਵੱਖ ਵੱਖ ਪਾਰਟੀਆਂ ਦੇ ਵਰਕਰਾਂ ਨੂੰ ਬਹੁਜਨ ਸਮਾਜ ਪਾਰਟੀ ਵਿੱਚ ਸ਼ਾਮਲ ਕੀਤੇ। ਐਡਵੋਕੇਟ ਸ ਅਵਤਾਰ ਸਿੰਘ ਕਰੀਮਪੁਰੀ ਜੀ ਨੇ ਅੱਗੇ ਦੱਸਿਆ ਕਿ ਸਾਰੀਆਂ ਪਾਰਟੀਆਂ ਕਾਂਗਰਸ, ਅਕਾਲੀ ਦਲ, ਭਾਜਪਾ ਪਾਰਟੀ ਅਤੇ ਆਮ ਆਦਮੀ ਪਾਰਟੀ ਦੀਆਂ ਲੋਕ ਮਾਰੂ ਨੀਤੀਆਂ ਨੂੰ ਤੁਸੀਂ ਹੁਣ ਸਮਝ ਗਏ ਕਿ ਇਹ ਕਿਸ ਤਰ੍ਹਾਂ ਤੁਹਾਨੂੰ ਲੁੱਟ ਅਤੇ ਕੁੱਟ ਰਹੇ ਹਨ। ਤੁਹਾਡੇ ਬੱਚਿਆਂ ਨੂੰ ਇਨ੍ਹਾਂ ਪਾਰਟੀਆਂ ਨੇ ਕਿਸ ਤਰ੍ਹਾਂ ਨਸ਼ਿਆਂ ਉੱਤੇ ਲਾ ਦਿੱਤਾ ਹੈ। ਆਮ ਆਦਮੀ ਪਾਰਟੀ ਵਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਜਿਹੜੀ ਪਾਰਟੀ ਕਹਿੰਦੀ ਸੀ ਕਿ ਤਿੰਨਾਂ ਮਹੀਨਿਆਂ ਵਿੱਚ ਨਸ਼ਾ ਖਤਮ ਕਰਾਂਗੇ ਉਨ੍ਹਾਂ ਨੂੰ ਹੁਣ ਤਿੰਨ ਸਾਲ ਤੋਂ ਉੱਪਰ ਹੋ ਗਿਆ ਹੈ ।15 ਮਾਰਚ ਨੂੰ ਫਗਵਾੜਾ ਵਿਖੇ ਪੰਜਾਬ ਸੰਭਾਲੋ ਰੈਲੀ ਵਿੱਚ ਅਸੀਂ ਨਸ਼ਿਆਂ ਖ਼ਿਲਾਫ਼ ਕੋਈ ਵੱਡਾ ਐਲਾਨ ਕਰਾਂਗੇ ਇਸ ਲਈ ਅਸੀਂ ਤੁਹਾਨੂੰ ਸੱਦਾ ਦੇਣ ਆਏ ਹਾਂ। ਲਾਲ ਚੰਦ ਔਜਲਾ ਬਸਪਾ ਦੇ ਸਿਰਕੱਢ ਆਗੂ ਅਤੇ ਫਿਲੌਰ ਹਲਕੇ ਦੇ ਇੰਚਾਰਜ ਨੇ ਵਿਸ਼ਵਾਸ ਦਿਵਾਇਆ ਕਿ 15 ਮਾਰਚ ਨੂੰ ਫਗਵਾੜਾ ਵਿਖੇ ਪੰਜਾਬ ਸੰਭਾਲੋ ਰੈਲੀ ਵਿੱਚ ਗੱਡੀਆਂ ਭਰ ਭਰ ਕੇ ਸੰਗਤ ਪਹੁੰਚੇਗੀ ਅਤੇ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੇ ਜਨਮ ਦਿਨ ਮਨਾਇਆ ਜਾਵੇਗਾ। ਇਸ ਮੌਕੇ ਐਡਵੋਕੇਟ ਅਵਤਾਰ ਸਿੰਘ ਕਰੀਮਪੁਰੀ ਜੀ ਪੰਜਾਬ ਪ੍ਰਧਾਨ ਬਸਪਾ,ਲਾਲ ਚੰਦ ਔਜਲਾ ਸਟੇਟ ਆਗੂ ਬਸਪਾ ਅਤੇ ਬਸਪਾ ਇੰਚਾਰਜ ਹਲਕਾ ਫਿਲੌਰ, ਤੀਰਥ ਰਾਜਪੁਰਾ ਸਟੇਟ ਆਗੂ ਇੰਚਾਰਜ ਜਲੰਧਰ, ਖੁਸ਼ੀ ਰਾਮ ਸਰਪੰਚ ਜ਼ਿਲ੍ਹਾ ਇੰਚਾਰਜ ਜਲੰਧਰ, ਸੁਖਵਿੰਦਰ ਬਿੱਟੂ ਪ੍ਰਧਾਨ ਹਲਕਾ ਫਿਲੌਰ, ਸ਼ੰਕਰ ਸ਼ਹਿਰੀ ਪ੍ਰਧਾਨ ਬਸਪਾ ਗੁਰਾਇਆ,ਡਾ ਲਖਵੀਰ ਸਿੰਘ ਮੁਠੱਡਾ, ਹੈਪੀ ਰੁੜਕਾਂ, ਜਰਨੈਲ ਢੰਡਾ ਐਸ ਡੀ ਓ,ਰਵੀ ਬੋਪਾਰ-ਾਏ,ਕਾਕੂ ਕਲਿਆਣ,ਲੇਖ ਰਾਜ ਚੌਕੜੀਆਂ ਅਤੇ ਬੀਬੀਆਂ ਵੀ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਪੰਜਾਬ ਕਾਂਗਰਸ ਨੇ ਸਮਰਾਲਾ ਅਤੇ ਸਾਹਨੇਵਾਲ ਵਿੱਚ 'ਜੁੜੇਗਾ ਬਲਾਕ, ਜਿੱਤੇਗੀ ਕਾਂਗਰਸ' ਮੁਹਿੰਮ ਜਾਰੀ ਰੱਖੀ

- ਦਿੱਲੀ ਵਿੱਚ ਹਾਰ ਤੋਂ ਬਾਅਦ 'ਆਪ' ਸਿਰਫ਼ ਪੰਜਾਬ ਵਿੱਚ ਫ਼ੋਕੀ ਕਾਰਵਾਈ ਕਰਨ ਲਈ ਤਿਆਰ- ਰਾਜਾ ਵੜਿੰਗ
- ਦਿੱਲੀ ਵਿੱਚ ਹਾਰ ਤੋਂ ਬਾਅਦ 'ਆਪ' ਦਾ ਦਿੱਲੀ ਮਾਡਲ ਰੱਦ, ਜਲਦੀ ਹੀ ਪੰਜਾਬ ਵਿੱਚ ਵੀ ਬਾਹਰ ਦਾ ਦਰਵਾਜ਼ਾ ਦਿਖਾ ਦਿੱਤਾ ਜਾਵੇਗਾ: ਪੰਜਾਬ ਪ੍ਰਦੇਸ਼ ਕਾਂਗਰਸ ਪ੍ਰਧਾਨ

**ਲੁਧਿਆਣਾ ( ਕਰਨੈਲ ਸਿੰਘ ਐੱਮ.ਏ.)** ਸਮਰਾਲਾ, ਮਾਛੀਵਾੜਾ, ਸਾਹਨੇਵਾਲ ਅਤੇ ਲੁਧਿਆਣਾ ਬਲਾਕ ਵਿੱਚ ਆਯੋਜਿਤ 'ਜੁੜੇਗਾ ਬਲਾਕ, ਜਿੱਤੇਗੀ ਕਾਂਗਰਸ' ਪ੍ਰੋਗਰਾਮ ਤੋਂ ਬਾਅਦ ਮੀਡੀਆ ਨਾਲ ਗੱਲਬਾਤ ਕਰਦਿਆਂ, ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਤੇ ਲੁਧਿਆਣਾ ਤੋਂ ਸੰਸਦ ਮੈਂਬਰ, ਅਮਰਿੰਦਰ ਸਿੰਘ ਰਾਜਾ ਵੜਿੰਗ ਨੇ 2027 ਵਿੱਚ ਪੰਜਾਬ ਵਿੱਚ ਕਾਂਗਰਸ ਪਾਰਟੀ ਦੀ ਸਰਕਾਰ ਬਣਾਉਣ ਦੀ ਯੋਗਤਾ ਵਿੱਚ ਵਿਸ਼ਵਾਸ ਪ੍ਰਗਟ ਕੀਤਾ। ਉਨ੍ਹਾਂ ਦੇ ਨਾਲ ਪੰਜਾਬ ਕਾਂਗਰਸ ਦੇ ਸੀਨੀਅਰ ਆਗੂ, ਸੰਸਦ ਮੈਂਬਰ ਗੁਰਦਾਸਪੁਰ ਸ੍ਰ: ਸੁਖਜਿੰਦਰ ਸਿੰਘ ਰੰਧਾਵਾ ਜੀ ਅਤੇ ਸੰਸਦ ਮੈਂਬਰ ਸ਼੍ਰੀ ਫਤਿਹਗੜ੍ਹ ਸਾਹਿਬ ਡਾ: ਅਮਰ ਸਿੰਘ ਜੀ, ਜਿਨ੍ਹਾਂ ਨੇ ਸਾਂਝੇ ਤੌਰ 'ਤੇ ਸੂਬੇ ਭਰ ਵਿੱਚ ਆਪਣੀ ਜ਼ਮੀਨੀ ਪੱਧਰ 'ਤੇ ਮੌਜੂਦਗੀ ਨੂੰ ਮਜ਼ਬੂਤ ਕਰਨ ਲਈ ਪਾਰਟੀ ਦੀ ਵਚਨਬੱਧਤਾ ਨੂੰ ਦੁਹਰਾਇਆ। ਪ੍ਰੋਗਰਾਮ ਦੀ ਮਹੱਤਤਾ ਨੂੰ ਉਜਾਗਰ ਕਰਦੇ ਹੋਏ, ਰਾਜਾ ਵੜਿੰਗ ਨੇ ਕਿਹਾ, "ਇਹ ਪਹਿਲਕਦਮੀ ਪੰਜਾਬ ਦੇ ਹਰ ਬਲਾਕ ਨਾਲ ਜੁੜਨ ਦੇ ਸਾਡੇ ਸਮਰਪਣ ਦਾ ਪ੍ਰਮਾਣ ਹੈ, ਇਹ ਯਕੀਨੀ ਬਣਾਉਣਾ ਕਿ ਕਾਂਗਰਸ ਪਾਰਟੀ ਭਵਿੱਖ ਲਈ ਇੱਕ ਮਜ਼ਬੂਤ ਨੀਂਹ ਬਣਾਈਏ। ਇਸ ਤਰ੍ਹਾਂ ਦੇ ਜ਼ਮੀਨੀ ਪੱਧਰ ਦੇ ਪ੍ਰੋਗਰਾਮ ਸਾਨੂੰ ਲੋਕਾਂ ਨਾਲ ਸਿੱਧੇ ਤੌਰ 'ਤੇ ਜੁੜਨ, ਉਨ੍ਹਾਂ ਦੀਆਂ ਚੁਣੌਤੀਆਂ ਨੂੰ ਸਮਝਣ ਅਤੇ ਹੱਲ ਲਈ ਸਮੂਹਿਕ ਤੌਰ 'ਤੇ ਕੰਮ ਕਰਨ ਦੇ ਯੋਗ ਬਣਾਉਂਦੇ ਹਨ।" ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਕਾਂਗਰਸ ਪਾਰਟੀ ਦੀ ਏਕਤਾ ਅਤੇ ਜ਼ਮੀਨੀ ਮਿਹਨਤ 2027 ਦੀਆਂ ਪੰਜਾਬ ਚੋਣਾਂ ਵਿੱਚ ਸ਼ਾਨਦਾਰ



ਜਿੱਤ ਦਾ ਰਾਹ ਪੱਧਰਾ ਕਰੇਗੀ। ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਦੀਆਂ ਅਸਫਲਤਾਵਾਂ ਨੂੰ ਸੰਬੋਧਿਤ ਕਰਦੇ ਹੋਏ, ਪੀਪੀਸੀਸੀ ਮੁਖੀ ਪਿੱਛੇ ਨਹੀਂ ਹਟੇ। "ਆਪ ਨੇ ਪਿਛਲੇ ਤਿੰਨ ਸਾਲਾਂ ਦੌਰਾਨ ਪੰਜਾਬ ਨੂੰ ਮੂਰਖ ਬਣਾਇਆ ਹੈ। ਹੁਣ, ਉਹ 2025 ਵਿੱਚ ਨਸ਼ਿਆਂ ਵਿਰੁੱਧ ਲੜਨ ਦੀ ਗੱਲ ਕਰਦੇ ਹਨ, ਜਦੋਂ ਕਿ ਇਹ ਦਾਅਵਾ ਕਰਦੇ ਹਨ ਕਿ ਗੈਰ-ਕਾਨੂੰਨੀ ਤੌਰ 'ਤੇ ਬਣਾਏ ਗਏ ਘਰਾਂ ਨੂੰ ਢਾਹੁਣ ਨਾਲ ਨਸ਼ਾ ਤਸਕਰਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਇਹ ਪੰਜਾਬ ਅਤੇ ਇਸਦੇ ਲੋਕਾਂ ਨੂੰ ਧੋਖਾ ਦੇਣ ਦੀ ਇੱਕ ਚਾਲ ਤੋਂ ਇਲਾਵਾ ਕੁਝ ਨਹੀਂ ਹੈ," ਉਨ੍ਹਾਂ ਨੇ ਟਿੱਪਣੀ ਕੀਤੀ।"ਜੇਕਰ ਤੁਹਾਨੂੰ ਨਸ਼ਾ ਤਸਕਰਾਂ ਦੇ ਘਰ ਢਾਹਣੇ ਪੈ ਜਾਣ ਤਾਂ ਉਨ੍ਹਾਂ ਨੂੰ ਢਾਹ ਦਿਓ, ਪਰ ਲੋਕਾਂ ਨਾਲ ਝੂਠ ਨਾ ਬੋਲੋ। ਤੁਸੀਂ ਸ਼੍ਰੀ ਹਰਿਮੰਦਰ ਸਾਹਿਬ ਗਏ, ਅਰਦਾਸ ਕੀਤੀ, ਅਤੇ ਫਿਰ ਵੀ ਤੁਸੀਂ ਅਜਿਹੇ ਤਰੀਕੇ ਨਾਲ ਕੰਮ ਕਰ ਰਹੇ ਹੋ ਜੋ ਸਾਡੇ ਲੋਕਾਂ ਦੇ ਵਿਸ਼ਵਾਸ ਨੂੰ ਧੋਖਾ ਦਿੰਦੇ ਹਨ। ਵੜਿੰਗ ਨੇ 'ਆਪ' ਸ਼ਾਸਨ ਅਧੀਨ ਪੰਜਾਬ ਦੀ ਵਿਗੜਦੀ ਸਥਿਤੀ ਨੂੰ ਹੋਰ ਉਜਾਗਰ ਕੀਤਾ। "ਉਨ੍ਹਾਂ ਦੀ ਨਿਗਰਾਨੀ ਹੇਠ ਕਾਨੂੰਨ ਵਿਵਸਥਾ ਢਹਿ ਢੇਰੀ ਹੋ ਗਈ ਹੈ। ਸਾਡੇ ਭਰਾ ਸਿੱਧੂ ਮੂਸੇਵਾਲਾ ਲਈ ਕੋਈ ਇਨਸਾਫ਼ ਨਹੀਂ ਮਿਲਿਆ, ਜਿਸ ਦੇ ਹਮਲਾਵਰਾਂ ਨੇ ਪੰਜਾਬ ਵਿੱਚ ਹਿਰਾਸਤ ਵਿੱਚ ਰਹਿੰਦਿਆਂ ਖੁੱਲ੍ਹੇਆਮ ਇੰਟਰਵਿਊ ਦਿੱਤੇ ਸਨ।" 'ਆਪ' ਦੇ ਬਹੁ-ਪ੍ਰਚਾਰਿਤ 'ਦਿੱਲੀ ਮਾਡਲ' ਦੀਆਂ ਅਸਫਲਤਾਵਾਂ ਦਾ ਜ਼ਿਕਰ ਕਰਦੇ ਹੋਏ ਉਨ੍ਹਾਂ ਕਿਹਾ, "'ਆਪ' ਨੇ 'ਦਿੱਲੀ ਮਾਡਲ' ਬਾਰੇ ਗੱਲ ਕੀਤੀ ਸੀ, ਪਰ ਦਿੱਲੀ ਨੇ ਵੀ ਇਸ ਨੂੰ ਰੱਦ ਕਰ ਦਿੱਤਾ ਹੈ। ਦਿੱਲੀ ਵਿੱਚ ਜੋ ਹੋਇਆ ਉਹ ਹੁਣ ਪੰਜਾਬ ਵਿੱਚ ਹੋ ਰਿਹਾ ਹੈ। ਪੰਜਾਬ ਦੇ ਲੋਕ ਬਿਹਤਰੀ ਦੇ ਹੱਕਦਾਰ ਹਨ, ਅਤੇ ਕਾਂਗਰਸ ਪਾਰਟੀ ਇਹ ਯਕੀਨੀ ਬਣਾਉਣ ਲਈ ਇੱਥੇ ਹੈ।" ਰਾਜਾ ਵੜਿੰਗ ਨੇ ਪੰਜਾਬ ਵਿੱਚ ਨਸ਼ਿਆਂ ਦੇ ਖਤਰੇ ਨਾਲ ਨਜਿੱਠਣ ਲਈ ਠੋਸ ਕਾਰਵਾਈ ਦੀ ਲੋੜ 'ਤੇ ਵੀ ਜ਼ੋਰ ਦਿੱਤਾ। "ਜੇਕਰ ਤੁਸੀਂ ਪੰਜਾਬ ਵਿੱਚ ਨਸ਼ਿਆਂ ਦੀ ਲਤ ਨੂੰ ਘਟਾਉਣਾ ਚਾਹੁੰਦੇ ਹੋ, ਤਾਂ ਸਾਡੇ ਲੋਕਾਂ ਨੂੰ ਨੌਕਰੀਆਂ ਦਿਓ। ਰੁਜ਼ਗਾਰ ਦੇ ਮੌਕੇ ਅਤੇ ਇੱਕ ਮਜ਼ਬੂਤ ਆਰਥਿਕਤਾ ਅਸਲ ਹੱਲ ਹਨ, ਨਾ ਕਿ ਖੋਖਲੇ ਦਾਅਵੇ ਅਤੇ ਧੋਖੇਬਾਜ਼ ਕਾਰਵਾਈਆਂ।" ਕਾਂਗਰਸ ਪਾਰਟੀ ਦੇ ਸਮੂਹਿਕ ਮਿਸ਼ਨ ਦੀ ਪੁਸ਼ਟੀ ਕਰਦੇ ਹੋਏ, ਉਨ੍ਹਾਂ ਸਿੱਟਾ ਕੱਢਿਆ, "ਅਸੀਂ ਸਾਰੇ ਇੱਕਜੁੱਟ ਹਾਂ ਅਤੇ ਪੰਜਾਬ ਦੀ ਬਿਹਤਰੀ ਲਈ ਇਕੱਠੇ ਕੰਮ ਕਰ ਰਹੇ ਹਾਂ। ' ਜੁੜੇਗਾ ਬਲਾਕ, ਜਿੱਤੇਗੀ ਕਾਂਗਰਸ' ਵਰਗੇ ਪ੍ਰੋਗਰਾਮਾਂ ਨਾਲ, ਅਸੀਂ ਸੂਬੇ ਦੇ ਹਰ ਕੋਨੇ ਤੱਕ ਪਹੁੰਚਾਂਗੇ ਅਤੇ 2027 ਵਿੱਚ ਕਾਂਗਰਸ ਦੀ ਜਿੱਤ ਲਈ ਨੀਂਹ ਰੱਖਾਂਗੇ।"

## ਸੁਰ ਸੰਗੀਤ ਸੰਸਥਾ ਦੋਆਬਾ ਬੰਗਾ ਨੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਜਨਮ ਦਿਹਾੜੇ ਤੇ ਮਹਾਨ ਸ਼ਖ਼ਸੀਅਤਾ ਦਾ ਸਨਮਾਨ ਕੀਤਾ ਗਿਆ









**ਬੰਗਾ (ਚਰਨਜੀਤ ਸੱਲ੍ਹਾ )** ਧੰਨ-ਧੰਨ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ 648ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਸੁਰ-ਸੰਗੀਤ ਸੰਸਥਾ ਦੋਆਬਾ ਬੰਗਾ ਵੱਲੋਂ ਵਿਰਾਸਤ ਵਿੱਲਾ ਪੱਲੀ ਉੱਚੀ ਵਿਖੇ ਕਰਵਾਏ ਗਏ ਪਹਿਲੇ ਕ੍ਰਾਂਤੀਕਾਰੀ ਜਾਗ੍ਰਿਤੀ ਸੰਮੇਲਨ ਵਿੱਚ ਸਨਮਾਨਿਤ ਸਖਸੀਅਤਾਂ ਦਾ ਸਨਮਾਨ ਕਰਨ ਸਮੇਂ ਡਾ.ਅਵਤਾਰ ਸਿੰਘ ਕਰੀਮਪੁਰੀ ਸਾਹਿਬ ਜੀ ਪ੍ਰਧਾਨ ਬਸਪਾ ਪੰਜਾਬ ਡਾ.ਨਛੱਤਰ ਪਾਲ ਜੀ ਿਲਅ ਨਵਾਂਸ਼ਹਿਰ ਅਤੇ ਮਿਸ਼ਨਰੀ ਗਾਇਕ ਅਤੇ ਗੀਤਕਾਰਾ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ ਅਤੇ ਸੁਰ-ਸੰਗੀਤ ਸੰਸਥਾ ਦੋਆਬਾ ਬੰਗਾ ਦੇ ਸਮੂਹ ਅਹੁਦੇਦਾਰ ਅਤੇ ਮੈਂਬਰਾਂ ਨੇ ਆਪਣੀ ਹਾਜ਼ਰੀ ਲਗਵਾਈ ਇਸ ਮੌਕੇ ਤੇ ਮਹਾਨ ਸ਼ਖ਼ਸੀਅਤਾ ਨੇ ਵੀ ਭਾਗ ਲਿਆ।

## ਸੰਜੀਵ ਅਰੋੜਾ ਦੀ ਅਗਵਾਈ ਹੇਠ ਹੁਸ਼ਿਆਰਪੁਰ ਸ਼ਾਖਾ ਵੱਲੋਂ ਸ਼ਾਨਦਾਰ ਸੇਵਾ ਮੈਡਲ ਨਾਲ ਸਨਮਾਨਿਤ ਕੀਤਾ ਗਿਆ



**ਬਲਾਚੌਰ (ਸਤਨਾਮ ਸਿੰਘ ਸਹੂੰਗੜਾ)** ਭਾਰਤ ਵਿਕਾਸ ਪ੍ਰੀਸ਼ਦ ਪੰਜਾਬ ਪੱਛਮ ਦੀਆਂ ਵੱਖ-ਵੱਖ ਸ਼ਾਖਾਵਾਂ ਵੱਲੋਂ ਕੀਤੇ ਚੰਗੇ ਕੰਮਾਂ ਦਾ ਸਨਮਾਨ ਕਰਨ ਲਈ ਬਲਾਚੌਰ ਵਿਖੇ ਸੂਬਾਈ ਪ੍ਰਧਾਨ ਰਾਜ ਕੁਮਾਰ ਚੌਧਰੀ ਦੀ ਅਗਵਾਈ ਹੇਠ ਸਨਮਾਨ ਸਮਾਰੋਹ ਕਰਵਾਇਆ ਗਿਆ। ਜਿਸ ਵਿੱਚ ਵੱਖ-ਵੱਖ ਸ਼ਾਖਾਵਾਂ ਨੂੰ ਵਧੀਆ ਕੰਮ ਕਰਨ ਲਈ ਸਨਮਾਨਿਤ ਕੀਤਾ ਗਿਆ। ਜਿਸ ਵਿਚ ਰਾਸ਼ਟਰੀ ਅਧਿਕਾਰੀ ਸ਼੍ਰੀ ਰਜਿੰਦਰ ਰਿਸ਼ੀ, ਅਰੁਣਾ ਪੁਰੀ, ਰਮੇਸ਼ ਵਿੱਜ, ਡਾ: ਅਨਿਲ ਕਾਲੀਆ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਮੀਟਿੰਗ ਦੀ ਸ਼ੁਰੂਆਤ ਵਿਸ਼ੇਸ਼ ਮਹਿਮਾਨਾਂ ਵੱਲੋਂ ਸ਼ਮ੍ਹਾਂ ਰੌਸ਼ਨ ਕਰਕੇ ਅਤੇ ਬੰਦੀ ਮਾਤਰਮ ਨਾਲ ਕੀਤੀ ਗਈ। ਇਸ ਮੌਕੇ ਜ਼ਿਲ੍ਹਾ ਸਕੱਤਰ ਸਤਪਾਲ ਸ਼ਰਮਾ ਵੱਲੋਂ ਵੱਖ-ਵੱਖ ਸ਼ਾਖਾਵਾਂ ਦੀਆਂ ਰਿਪੋਰਟਾਂ ਪੜ੍ਹੀਆਂ ਗਈਆਂ। ਜਿਸ ਤਹਿਤ ਹੁਸ਼ਿਆਰਪੁਰ ਬ੍ਰਾਂਚ ਦੇ ਮੁਖੀ ਅਤੇ ਉੱਘੇ ਸਮਾਜ ਸੇਵੀ ਸੰਜੀਵ ਅਰੋੜਾ ਦੀ ਅਗਵਾਈ ਹੇਠ ਉੱਤਮ ਸੇਵਾ ਮੈਡਲ ਨਾਲ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਸੂਬਾਈ ਪ੍ਰਧਾਨ ਸ਼੍ਰੀ ਰਾਜ ਕੁਮਾਰ ਚੌਧਰੀ ਨੇ ਹੁਸ਼ਿਆਰਪੁਰ ਬ੍ਰਾਂਚ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਸੰਜੀਵ ਅਰੋੜਾ ਦੀ ਅਗਵਾਈ ਹੇਠ ਬਰਾਂਚ ਬਹੁਤ ਵਧੀਆ ਕੰਮ ਕਰ ਰਹੀ ਹੈ। ਜਿਸ ਵਿੱਚ ਅੱਖਾਂ ਦਾਨ, ਰੁੱਖ ਲਗਾਉਣਾ, ਪਾਣੀ ਬਚਾਓ ਮੁਹਿੰਮ, ਵਾਤਾਵਰਨ, ਮੈਡੀਕਲ ਕੈਂਪ, ਦਾਜ ਪ੍ਰਥਾ, ਟ੍ਰੈਫਿਕ, ਸ਼ਹੀਦਾਂ ਦੀਆਂ ਬਰਸੀ ਮਨਾਉਣ, ਸਫ਼ਾਈ ਮੁਹਿੰਮ, ਨਸ਼ਿਆਂ ਵਿਰੁੱਧ, ਲੋੜਵੰਦ ਪਰਿਵਾਰਾਂ ਦੀਆਂ ਲੜਕੀਆਂ ਦੇ ਵਿਆਹ ਲਈ ਸਮੱਗਰੀ ਮੁਹੱਈਆ ਕਰਵਾਉਣ ਆਦਿ ਅਨੇਕਾਂ ਪ੍ਰੋਜੈਕਟ ਚਲਾਏ ਜਾਂਦੇ ਹਨ। ਇਸ ਦੌਰਾਨ ਸੰਜੀਵ ਅਰੋੜਾ ਨੇ ਆਪਣੀ ਟੀਮ ਦੇ ਸਕੱਤਰ ਰਾਜਿੰਦਰ ਮੌਦਗਿਲ, ਖਜ਼ਾਨਚੀ ਐਚ.ਕੇ.ਨੱਕੜਾ, ਐਨ.ਕੇ.ਗੁਪਤਾ ਅਤੇ ਹੋਰ ਮੈਂਬਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਅੱਜ ਇਹ ਸਨਮਾਨ ਪ੍ਰਾਪਤ ਕਰਨ ਦਾ ਸਿਹਰਾ ਉਹ ਆਪਣੀ ਪੂਰੀ ਟੀਮ ਅਤੇ ਮੈਂਬਰਾਂ ਨੂੰ ਦਿੰਦੇ ਹਨ, ਜਿਨ੍ਹਾਂ ਨੇ ਉਨ੍ਹਾਂ ਨੂੰ ਸਾਲ ਭਰ ਸਹਿਯੋਗ ਦਿੱਤਾ। ਜਿਸ ਕਾਰਨ ਅੱਜ ਹੁਸ਼ਿਆਰਪੁਰ ਬ੍ਰਾਂਚ ਨੂੰ ਇਹ ਸਨਮਾਨ ਪ੍ਰਾਪਤ ਹੋਇਆ ਹੈ। ਸ੍ਰੀ ਅਰੋੜਾ ਨੇ ਕਿਹਾ ਕਿ ਸ਼ਾਖਾ ਸਮਾਜ ਸੇਵੀ ਕੰਮਾਂ ਨੂੰ ਹੋਰ ਵੀ ਜੋਰਦਾਰ ਢੰਗ ਨਾਲ ਕਰੇਗੀ ਤਾਂ ਜੋ ਲੋੜਵੰਦਾਂ ਦੀ ਸਮੇਂ ਸਿਰ ਮਦਦ ਕੀਤੀ ਜਾ ਸਕੇ। ਇਸ ਮੌਕੇ ਸੂਬਾਈ ਸਕੱਤਰ ਵਿਵੇਕ ਸ਼ਰਮਾ, ਡਾ: ਰਾਜੇਸ਼ ਮੰਨਨ, ਐਡਵੋਕੇਟ ਨਰਿੰਦਰ ਸ਼ਰਮਾ, ਸਤਪਾਲ ਸ਼ਰਮਾ, ਕਮਾਂਡਰ ਸੰਸਾਰ ਚੰਦ ਸ਼ਰਮਾ, ਸੰਦੀਪ ਨੇਗੀ, ਰਾਜਿੰਦਰ ਮੌਦਗਿਲ, ਐਚ.ਕੇ. ਨੱਕੜਾ, ਐਨ.ਕੇ. ਗੁਪਤਾ ਤੇ ਹੋਰ ਹਾਜ਼ਰ ਸਨ।

# ਸਫਾਈ ਕਰਮਚਾਰੀ ਯੂਨੀਅਨ ਪ੍ਰਧਾਨ ਦੀ ਅਗਵਾਈ ਵਿੱਚ ਐਮ ਐਲ ਏ ਬ੍ਰਹਮ ਸ਼ੰਕਰ ਜਿੰਪਾ ਨੂੰ ਮਿਲ ਕੇ ਮੰਗਾਂ ਸੰਬੰਧੀ ਜਾਣਕਾਰੀ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਸਫਾਈ ਕਰਮਚਾਰੀ ਯੂਨੀਅਨ ਨਗਰ ਨਿਗਮ ਹੁਸ਼ਿਆਰਪੁਰ ਦੇ ਪ੍ਰਧਾਨ ਕਰਨਜੋਤ ਆਦੀਆ ਦੀ ਪ੍ਰਧਾਨਗੀ ਹੇਠ ਵਿਸ਼ੇਸ਼ ਤੋਰ ਤੇ ਐਮ.ਐਲ.ਏ. ਬ੍ਰਹਮ ਸ਼ੰਕਰ ਜਿੰਪਾ ਜੀ ਨੂੰ ਮਿਲੇ ਅਤੇ ਮੁਲਾਜ਼ਮ ਹੱਕਾ ਸੰਬਧੀ ਗੱਲ ਬਾਤ ਕੀਤੀ ਗਈ ਅਤੇ ਉਨ੍ਹਾਂ ਨੂੰ ਦੱਸਿਆ ਗਿਆ ਕਿ ਜੋ ਪੰਜਾਬ ਐਕਸ਼ਨ ਕਮੇਟੀ ਵੱਲੋ ਨਗਰ ਕੌਂਸਲ ਨਗਰ ਪੰਚਾਇਤਾ ਤੇ ਨਗਰ ਨਿਗਮ ਦੇ ਮੁਲਾਜ਼ਮਾ ਦੀਆ ਹੱਕੀ ਮੰਗਾ ਹਨ। ਉਨ੍ਹਾਂ ਨੂੰ ਲੋਕਲ ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਜੀ ਅਤੇ ਪੰਜਾਬ ਦੇ ਸੀ.ਐਮ. ਸਰਦਾਰ ਭਗਵੰਤ ਸਿੰਘ ਮਾਨ ਜੀ ਨਾਲ ਮਿਲ ਕੇ ਵਿਸ਼ੇਸ਼ ਮੀਟਿੰਗ ਕਰਕੇ ਜਲਦ ਤੋ ਜਲਦ ਹੱਲ ਕਰਵਾਉਣ ਤੇ ਜਿੰਨਾ ਵੀ ਆਉਟ ਸੋਰਸ ਕਾਮਾ ਹੈ ਉਸ ਨੂੰ ਇੰਨਸੋਰਸ ਕਵਾਇਆ



ਜਾਵੇ ਤੇ ਸਫਾਈ ਸੇਵਕ ਅਤੇ ਸੀਵਰਮੈਨ ਜੋ ਡੀ.ਸੀ.ਰੇਟ ਤੇ ਕੰਮ ਕਰਦੇ ਹਨ। ਉਨ੍ਹਾਂ ਦੀ ਸੇਵਾ ਤਿੰਨ ਸਾਲ ਦੇ ਲਗਭਗ ਹੋ ਗਈ ਹੈ ਅਤੇ ਇਸ ਸੇਵਾ ਨੂੰ ਮੁੱਖ ਰੱਖਦੇ ਹੋਏ ਇਨ੍ਹਾਂ ਨੂੰ ਪੱਕਾ ਕੀਤਾ ਜਾਵੇ। ਨਾਲ ਦੇ ਨਾਲ ਨਗਰ ਹੁਸ਼ਿਆਰਪੁਰ ਦੀ ਜੋ ਅੱਜ ਹਾਊਸ ਮੀਟਿੰਗ ਹੈ ਉਸ ਵਿੱਚ ਨਗਰ ਨਿਗਮ ਦੇ ਮੁਲਾਜ਼ਮਾ ਸਬੰਧੀ ਜੋ ਲੋਕਲ ਮੰਗਾ ਹਨ, ਜਿਵੇ ਕਿ ਮਾਲੀ ਅਤੇ ਪਾਣੀ ਬ੍ਰਾਂਚ ਦੇ (ਕਾਮੇ ਪਲੰਬਰ ਅਤੇ ਹੈਲਪਰ ) ਉਨ੍ਹਾਂ ਦੀਆ ਤਨਖ਼ਾਹਾ ਵਿੱਚ ਬਣਦਾ ਵਾਧਾ ਕਰਵਾਇਆ ਜਾਵੇ। ਉਸੇ ਅਧਾਰ ਤੇ ਬਾਕੀ ਆਊਟ ਸੋਰਸ ਮੁਲਾਜ਼ਮਾ ਦੀਆ ਵੀ ਤਨਖ਼ਾਹਾ ਵਿੱਚ ਵਾਧਾ ਕਰਵਾਇਆ ਜਾਵੇ ਅਤੇ ਸਾਬਕਾ ਕੈਬੀਨੇਟ ਮੰਤਰੀ ਅਤੇ ਬ੍ਰਹਮ ਸ਼ੰਕਰ ਜਿੰਪਾ ਜੀ ਵੱਲੋ ਵਿਸ਼ਵਾਸ ਦਵਾਇਆ ਗਿਆ ਕਿ ਜੋ ਨਗਰ ਨਿਗਮ ਦੀਆ ਲੋਕਲ ਮੰਗਾ ਹਨ। ਉਨ੍ਹਾਂ ਨੂੰ ਜਲਦ ਤੋਂ ਜਲਦ ਪੂਰਾ ਕੀਤਾ ਜਾਵੇਗਾ ਅਤੇ ਜੋ ਪੰਜਾਬ ਪੱਧਰ ਦੀ ਮੰਗ ਹੋਵੇਗੀ ਉਸ ਨੂੰ ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਜੀ ਅਤੇ ਸੀ.ਐਮ. ਸਰਦਾਰ ਭਗਵੰਤ ਸਿੰਘ ਮਾਨ ਜੀ ਨਾਲ ਮੀਟਿੰਗ ਕਰਕੇ ਉਨ੍ਹਾਂ ਦਾ ਵੀ ਹੱਲ ਕੀਤਾ ਜਾਵੇਗਾ । ਇਸ ਮੌਕੇ ਤੇ ਵਾਇਸ ਪ੍ਰਧਾਨ ਸੋਮਨਾਥ ਆਦੀਆ ਜੀ , ਬਲਰਾਮ ਭੱਟੀ, ਵਿਕਰਮਜੀਤ, ਕੈਲਾਸ਼ , ਅਸ਼ੋਕ , ਆਸ਼ੂ , ਜੋਗਿੰਦਰਪਾਲ ਆਦੀਆ ,ਹਰਬਿਲਾਸ, ਪ੍ਰਦੀਪ ਆਦੀਆ , ਪਰਦੀਪ ਕੁਮਾਰ , ਵਿੱਕੀ, ਸੁਬਾਸ਼ ਮੌਜੂਦ ਸਨ ।

# ਅੰਤਰਰਾਸ਼ਟਰੀ ਮਹਿਲਾ ਦਿਵਸ ਬੜੇ ਸਤਿਕਾਰ ਅਤੇ ਉਤਸ਼ਾਹ ਨਾਲ ਮਨਾਇਆ ਗਿਆ

## ਮਹਿਲਾ ਦਾ ਮਾਨਸਿਕ ਅਤੇ ਸਮਾਜਿਕ ਵਿਕਾਸ ਹੋਣਾ ਜਰੂਰੀ : ਸੁਖਦੀਪ ਕੌਰ







**ਭੀਖੀ ( ਕਮਲ ਜਿੰਦਲ)** ਪੀਐਮ ਸ਼੍ਰੀ ਸਰਕਾਰੀ ਕੰਨਿਆ ਸੀਨੀਅਰ ਸੈਕੈਂਡਰੀ ਸਕੂਲ,ਭੀਖੀ ਵਿਖੇ ਅੰਤਰਰਾਸ਼ਟਰੀ ਮਹਿਲਾ ਦਿਵਸ ਬੜੇ ਸਤਿਕਾਰ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਸਮੇਂ ਨਗਰ ਕੌਂਸਲ ਪ੍ਰਧਾਨ ਸ਼੍ਰੀਮਤੀ ਸੁਖਪ੍ਰੀਤ ਕੌਰ ਅਤੇ ਬ੍ਰਹਮ ਕੁਮਾਰੀ ਮਿਸ਼ਨ ਦੀਦੀ ਰੁਪਿੰਦਰ ਕੌਰ ਭੀਖੀ ਉਚੇਚੇ ਤੌਰ 'ਤੇ ਪਹੁੰਚੇ। ਦੀਦੀ ਰੁਪਿੰਦਰ ਕੌਰ ਜੀ ਨੇ ਮਹਿਲਾ ਦਿਵਸ 'ਤੇ ਰੋਸ਼ਨੀ ਪਾਉਂਦੇ ਹੋਏ ਦੱਸਿਆ ਕਿ ਅੱਜ ਵੀ ਮਹਿਲਾ ਦਾ ਮਾਨਸਿਕ ਅਤੇ ਸਮਾਜਿਕ ਵਿਕਾਸ ਹੋਣਾ ਜਰੂਰੀ ਹੈ ਤਾਂ ਜੋ ਅੱਜ ਦੇ ਸਮੇਂ ਦੇ ਹਾਣੀ ਹੋ ਸਕੇ। ਥਾਣੇਦਾਰ ਬਲਵੰਤ ਸਿੰਘ ਜੀ ਨੇ ਇਸ ਦਿਨ ਦੀ ਮਹੱਤਤਾ 'ਤੇ ਚਾਨਣ ਪਾਉਂਦੇ ਹੋਏ ਰਾਸ਼ਟਰਪਤੀ ਸ਼੍ਰੀਮਤੀ ਦ੍ਰੋਪਦੀ ਮੁਰਮੂ ਅਤੇ ਖਜ਼ਾਨਾ ਮੰਤਰੀ ਸ਼੍ਰੀਮਤੀ ਨਿਰਮਲਾ ਸੀਤਾਰਮਨ ਜੀ ਬਾਰੇ ਦੱਸਦੇ ਹੋਏ ਬੱਚਿਆਂ ਨੂੰ ਅਜਿਹੇ ਮਹਾਨ ਔਰਤਾਂ ਦੇ ਜੀਵਨ ਤੋਂ ਪ੍ਰੇਰਨਾ ਲੈਂਦੇ ਹੋਏ ਆਪਣੇ ਜੀਵਨ ਨੂੰ ਸਫਲ ਬਣਾਉਣ ਲਈ ਪ੍ਰੇਰਿਆ।

ਇਸ ਮੌਕੇ ਪੀਐਮ ਸ਼੍ਰੀ ਸਰਕਾਰੀ ਹਾਈ ਸਕੂਲ, ਸਮਾਓ ਦੇ ਪੰਜਾਬੀ ਅਧਿਆਪਕਾ ਸ਼੍ਰੀਮਤੀ ਨਮਿ- ਸਤੋ ਦੇਵੀ, ਸਫਾਈ ਸੇਵਕਾ ਸ਼੍ਰੀਮਤੀ ਪਰਮਜੀਤ ਕੌਰ,ਸਰਕਾਰੀ ਪ੍ਰਾਇਮਰੀ ਸਕੂਲ, ਭੀਖੀ ਦੇ ਮਿਡ ਡੇ ਮੀਲ ਅਤੇ ਸਫਾਈ ਸੇਵਕਾਂ ਸ਼੍ਰੀਮਤੀ ਮਨਜੀਤ ਕੌਰ,ਸ਼੍ਰੀਮਤੀ ਰਾਜਵੀਰ ਕੌਰ,ਸ਼੍ਰੀਮਤੀ ਕਿਰਨਪਾਲ ਕੌਰ, ਸ਼੍ਰੀਮਤੀ ਜਸਵੀਰ ਕੌਰ ਸ੍ਰੀਮਤੀ ਗੁਰਦੀਪ ਕੌਰ ਅਤੇ ਪੀਐਮ ਸ਼੍ਰੀ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਭੀਖੀ ਦੇ ਕੰਪਿਊਟਰ ਅਧਿਆਪਕਾ ਸ੍ਰੀਮਤੀ ਵੀਰਪਾਲ ਕੌਰ, ਸਾਇੰਸ ਅਧਿਆਪਕਾ ਸ਼੍ਰੀਮਤੀ ਰਜਿੰਦਰ ਕੌਰ, ਮਿਡ ਡੇ ਮੀਲ ਬੀਬੀਆਂ ਸ਼੍ਰੀਮਤੀ ਸਕੁੰਤਲਾ ਦੇਵੀ, ਸ੍ਰੀਮਤੀ ਪਰਮਜੀਤ ਕੌਰ,ਸ੍ਰੀਮਤੀ ਬੀਰਾ ਕੌਰ,ਸ੍ਰੀਮਤੀ ਸਵੀਤਰੀ ਦੇਵੀ ਅਤੇ ਸਫਾਈ ਸੇਵਕਾ ਸ਼੍ਰੀਮਤੀ ਬਲਦੇਵ ਕੌਰ,ਸ੍ਰੀਮਤੀ ਸੰਜੂ ਰਾਣੀ ਦਾ ਸਕੂਲ ਪ੍ਰਬੰਧਕ ਕਮੇਟੀ ਵੱਲੋਂ ਅੰਤਰਰਾਸ਼ਟਰੀ ਮਹਿਲਾ ਦਿਵਸ ਦੇ ਮੌਕੇ 'ਤੇ ਖੁਸ਼ੀ ਅਤੇ ਮਾਣ ਨਾਲ ਸਨਮਾਨਿਤ ਕਰਦੇ ਹੋਏ ਨਾਰੀ ਸ਼ਕਤੀ ਦੀਆਂ ਕੁਰਬਾਨੀਆਂ ਅਤੇ ਸੰਘਰਸ਼ਾਂ ਨੂੰ ਨਮਨ ਕੀਤਾ।ਕੰਪਿਊਟਰ ਸਕਿਉਰਟੀ ਅਧੀਨ ਕਰਵਾਏ ਮੁਕਾਬਲਿਆਂ ਦੇ ਬੱਚਿਆਂ ਨੂੰ ਸਨਮਾਨਿਤ ਕੀਤਾ ਗਿਆ। ਐਨ ਐਸ ਕਿਊ ਐਫ ਦੇ ਬੱਚਿਆਂ ਨੂੰ ਆਈਟੀ ਅਧੀਨ ਕਿੱਟਾਂ ਵੰਡ ਕੇ ਸਨਮਾਨਿਤ ਕੀਤਾ ਗਿਆ। ਸਕੂਨ ਮੁੱਖੀ ਰਜਿੰਦਰ ਸਿੰਘ ਨੇ ਇਸ ਮਹਾਨ ਦਿਵਸ ਤੇ ਬੱਚਿਆਂ ਨੂੰ ਸਾਡੇ ਦੇਸ਼ ਦੀਆਂ ਮਹਾਨ ਔਰਤਾਂ ਮਾਤਾ ਗੁਜਰ ਕੌਰ,ਮਾਤਾ ਸਾਹਿਬ ਕੌਰ ਬੀਬੀ ਭਾਨੀ,ਸਵਿੱਤਰੀ ਬਾਈ ਫੁੱਲੇ,ਮਦਰ ਟਰੇਸਾ,ਕਲਪਨਾ ਚਾਵਲਾ, ਸਵਿਤਾ ਵਿਲੀਅਮ ਅਤੇ ਹੋਰ ਮਹਾਨ ਬੀਬੀਆਂ ਦੇ ਸੰਘਰਸ਼ਾਂ ਅਤੇ ਸਮਾਜਿਕ ਕੁਰੀਤੀਆਂ ਤੋਂ ਆਪਣੇ ਸਮਾਜ ਨੂੰ ਉਭਾਰ ਕੇ ਨਾਰੀ ਸ਼ਕਤੀ ਦਾ ਉਥਾਨ ਕਰਦੇ ਹੋਏ ਅੱਜ ਦੇ ਸਮੇਂ ਦੇ ਹਾਣੀ ਬਣਾਉਣ ਦੇ ਜਜਮਿਆਂ ਨੂੰ ਸਲਾਮ ਕਰਦੇ ਹੋਏ ਉਹਨਾਂ ਦੇ ਜੀਵਨ ਤੋਂ ਪ੍ਰੇਰਨਾ ਲੈ ਕੇ ਅੱਜ ਦੇ ਬੱਚਿਆਂ ਨੂੰ ਸਮਾਜ ਅਤੇ ਦੇਸ਼ ਦੀ ਤਰੱਕੀ ਲਈ ਯੋਗਦਾਨ ਪਾਉਣ ਲਈ ਪ੍ਰੇਰਿਆ। ਨਗਰ ਪੰਚਾਇਤ ਪ੍ਰਧਾਨ ਸ੍ਰੀਮਤੀ ਸੁਖਪ੍ਰੀਤ ਕੌਰ, ਬ੍ਰਹਮ ਕੁਮਾਰੀ ਮਿਸ਼ਨ ਦੀਦੀ ਰੁਪਿੰਦਰ ਕੌਰ ਜੀ ਅਤੇ ਨਗਰ ਕੌਂਸਲ ਦੇ ਵਾਈਸ ਪ੍ਰਧਾਨ ਸ੍ਰੀਮਤੀ ਪੰਮੀ ਕੌਰ ਜੀ ਦਾ ਸਕੂਲ ਪ੍ਰਬੰਧਕਾਂ ਵੱਲੋਂ ਨਾਰੀ ਸਖਤੀ ਦੇ ਸਤਿਕਾਰ ਵਿੱਚ ਵਿਸ਼ੇਸ਼ ਸਨਮਾਨ ਕੀਤਾ ਗਿਆ।

ਇਸ ਮੌਕੇ ਚੇਅਰਮੈਨ ਦਰਸ਼ਨ ਸਿੰਘ ਖਾਲਸਾ,ਨਗਰ ਕੌਂਸਲ ਵਾਇਸ ਪ੍ਰਧਾਨ ਪਰਵਿੰਦਰ ਸਿੰਘ ਸ਼ਰਮਾ, ਰਾਮ ਸਿੰਘ, ਅਵਤਾਰ ਸਿੰਘ ਗੋਗੀ, ਡਾਕਟਰ ਹਰਭਜਨ ਸਿੰਘ,ਪੱਤਰਕਾਰ ਜੁਗਰਾਜ ਸਿੰਘ,ਪ੍ਰਾਇਮਰੀ ਮੁੱਖ ਅਧਿਆਪਕ ਰਵੀ ਕੁਮਾਰ ਸਿੰਘ, ਪ੍ਰਾਇਮਰੀ ਅਤੇ ਸੈਕੰਡਰੀ ਸਕੂਲ ਦਾ ਸਮੁੱਚਾ ਸਟਾਫ,ਗੋਧਾ ਰਾਮ,ਕੈਂਪਸ ਮੈਨੇਜਰ ਬਲਵੀਰ ਸਿੰਘ, ਸੁਰੱਖਿਆ ਗਾਰਡ ਸੁਖਪਾਲ ਸਿੰਘ ਗੈਲਾ ਸਿੰਘ ਚੌਂਕੀਦਾਰ ਜਗਸੀਰ ਸਿੰਘ ਹਾਜ਼ਰ ਸਨ।

for more news visit:
www.samajweekly.com

## ਤਖ਼ਤੇ ਅਤੇ ਚੁਗਾਠ

ਨਾ ਕਲਾਕਾਰ ਦੁੱਧ ਧੋਤੇ ਨੇ ,
ਤੇ ਨਾ ਹੀ ਕੰਪਨੀਆਂ ਵਾਲ਼ੇ ।
ਲੋਕ ਡੰਗੇ ਨੇ ਖ਼ੁਦਗਰਜ਼ੀ ਨੇ ,
ਕਰ ਜਾਂਦੇ ਨੇ ਘਾਲ਼ੇ ਮਾਲ਼ੇ ।
ਤਾੜੀ ਵਜਦੀ ਦੋ ਹੱਥਾਂ ਨਾਲ ,
ਸੱਚ ਸਿਆਣੇ ਕਹਿੰਦੇ ਨੇ ;
ਜੋ ਟੀਮ ਬਣਾ ਕੇ ਨਈਂ ਚਲਦੇ ,
ਰਹਿ ਜਾਂਦੇ ਨੇ ਵਿੱਚ ਵਿਚਾਲ਼ੇ ।



**ਮੂਲ ਚੰਦ ਸ਼ਰਮਾ**
**ਪ੍ਰਧਾਨ, ਪੰਜਾਬੀ ਸਾਹਿਤ ਸਭਾ ਧੂਰੀ ਜਿਲ੍ਹਾ ਸੰਗਰੂਰ।**
9914836037

## ਕਵਿਤਾ

ਨੱਕ ਬਣਿਆ ਸੀ,
ਲੈਣ ਨੂੰ ਸਾਹ ਲੋਕੋ,
ਬੜੇ ਨੱਕ ਪੁਆੜੇ,
ਨੇ ਪਾਏ ਲੋਕੋ।

ਵਿਆਹ ਹੋਵੇ ਜਾਂ,
ਮਰਗ ਦਾ ਭੋਗ ਲੋਕੋ,
ਖਰਚਾ ਅੰਨ੍ਹੇਵਾਹ,
ਨੱਕ ਕਰਾਏ ਲੋਕੋ।

ਪੈਲੇਸ ਵਿੱਚ ਨਾ,
ਕਿਸੇ ਵਿਆਹ ਕੀਤਾ,
ਸ਼ਰੀਕੇ ਵਿੱਚ ਇਹ,
ਨੱਕ ਵਢਾਏ ਲੋਕੋ।

ਕਰਜਾ ਚੁੱਕ ਕੇ,
ਨੱਕ ਨੂੰ ਜੇ ਰੱਖਿਆ,
ਰੱਸਾ ਗਲ ਵਿੱਚ,
ਨੱਕ ਪਵਾਏ ਲੋਕੋ।

ਗਹਿਣਾ ਔਰਤ ਦਾ,
ਨੱਕ ਵਿੱਚ ਪਾਏ ਨਥੜੀ,
ਨਿਸ਼ਾਨੀ ਗੁਲਾਮੀ ਦੀ,
ਨੱਕ ਕਰਾਏ ਲੋਕੋ।

ਬਜੁਰਗ ਮਾਪਿਆਂ ਨੂੰ,
ਬਿਰਧ ਘਰੀਂ ਜਦੋਂ ਘੱਲਦੇ,
ਉਸ ਵਕਤ ਨਾ,
ਨੱਕ ਸਤਾਏ ਲੋਕੋ।

ਇੱਜਤ ਗਰੀਬ ਦੀ ਲੁੱਟੇ,
ਜਦੋਂ ਜਾਤ ਵੱਡੀ,
ਪਾਸਾ ਉਦੋਂ ਵੀ,
ਨੱਕ ਵੱਟ ਜਾਏ ਲੋਕੋ।

ਵਿਆਹ ਹੋਰ ਨਹੀਂ,
ਜਾਤ ਵਿੱਚ ਹੋਣ ਦੇਣਾ,
ਅੜਿੱਕਾ ਉਦੋਂ ਵੀ,
ਨੱਕ ਇਹ ਪਾਏ ਲੋਕੋ।

ਮੱਲ੍ਹੀ ਫੂਲ ਜੀਹਨੇ,
ਜਿਉਣੀ ਜੂਨ ਸੌਖੀ।
ਰਹਿੰਦਾ ਨੱਕ ਨਹੀਂ,
ਗੱਲ ਭੁੱਲ ਜਾਏ ਲੋਕੋ।

**ਸ਼ਮਸ਼ੇਰ ਸਿੰਘ ਮੱਲ੍ਹੀ ਪਿੰਡ ਫੂਲ**
9056562524

## ਜੁੱਮਾ ਬਨਾਮ ਹੋਲੀ

ਸੁਣਕੇ ਬਿਆਨ ਅਫਸਰ ਦਾ ਮੈ ਤਾਂ
ਹੈਰਾਨ ਆ
ਘਰਾਂ ਚੋਂ ਨਾਂ ਬਾਹਰ ਆਇਓਂ ਤੁਹ-
ੜਾ ਨੁਕਸਾਨ ਆ
ਨਿਮਰਤਾ ਨਾਲ ਸਮਝੌਤਾ
ਕਰਵਾਉਂਦਾ
ਐਨੀ ਕੜਵੀ ਬੋਲੀਂ
ਤੁਸੀਂ ਦਰਵਾਜ਼ੇ ਬੰਦ ਹੀ ਰੱਖਿਓ,,
ਇਹਨਾ ਮਨਾਉਣੀ ਹੋਲੀ

ਉਹਨਾਂ ਦਾ ਜੁੱਮਾ ਉਸ ਦਿਨ ਕਾਹਨੂੰ
ਲੈਣੇ ਪੰਗੇ
ਭਾਈਚਾਰਕ ਬਣਾਕੇ ਰੱਖਿਓ ਹੋਣ
ਦਿਓ ਨਾ ਦੰਗੇ
ਜੈ ਸ੍ਰੀ ਰਾਮ ਦੇ ਨਾਅਰੇ ਲਾਉਂਦੀ
ਜਾਣ ਦਿਓ ਤੁਸੀਂ ਟੋਲੀ
ਤੁਸੀਂ ਦਰਵਾਜ਼ੇ ਬੰਦ ਹੀ ਰੱਖਿਓ
ਇਹਨਾ ਮਨਾਉਣੀ ਹੋਲੀ

ਇੱਕ ਪਾਸੜ ਦੀ ਗੱਲ ਕਰਦੇ ਉਹ
ਵੀ ਏਸੇ ਦੇਸ਼ ਦੇ ਬੰਦੇ
ਏਕ ਨੂਰ ਤੇ ਸੱਭ ਜੱਗ ਉਪਜਿਆ
ਕੌਣ ਭਲੇ ਕੋ ਮੰਦੇ
ਤਿਉਹਾਰ ਮਨਾਓ ਖੁਸ਼ੀਆਂ ਵੰਡੋ
ਕਿਉਂ ਜਾਨੇ ਇਜ਼ਤਾਂ ਰੋਲੀ
ਤੁਸੀਂ ਦਰਵਾਜ਼ੇ ਬੰਦ ਹੀ ਰੱਖਿਓ
ਇਹਨਾ ਮਨਾਉਣੀ ਹੋਲੀ

ਜਾਰੀ ਕਰਨੇ ਬਿਆਨ ਬੇਤੁਕੇ ਗੱਲ
ਨਹੀਂ ਸ਼ੋਭਾ ਦਿੰਦੀ
ਗੁਰਮੀਤ ਡੁਮਾਣੇ ਵਾਲਿਆ ਜਾਂਦੇ
ਇੱਕ ਦੂਜੇ ਨੂੰ ਨਿੰਦੀ
ਹਿੰਦੂ ਮੁਸਲਿਮ ਜਿਉਂਣ ਹਮੇਸ਼ਾ ਖੈਰ
ਮੰਗਾਂ ਅੱਡ ਝੋਲੀ
ਤੁਸੀਂ ਦਰਵਾਜ਼ੇ ਬੰਦ ਹੀ ਰੱਖਿਓ
ਇਹਨਾ ਮਨਾਉਣੀ ਹੋਲੀ



**ਗੁਰਮੀਤ ਡੁਮਾਣਾ**
**ਲੋਹੀਆਂ ਖਾਸ**
**ਜਲੰਧਰ**

## ਮਾਡਰਨ ਰਾਂਝੇ

ਕਿਸੇ ਦਾ ਦਿਲ ਜਿੱਤਣ ਲਈ ਅਪਣਾ ,
ਹਾਰਨ ਲਈ ਤਿਆਰ ਨਹੀਂ ।
ਨੌਕਰ ਬਣਨ ਲਈ ਤਨ ਮਨ ਨੂੰ ,
ਮਾਰਨ ਲਈ ਤਿਆਰ ਨਹੀਂ ।
ਹਰ ਇੱਕ ਹੀਰ ਦੇ ਹੱਥਾਂ ਦੀ ਚੂਰੀ ,
ਤਾਂ ਖਾਣੀ ਚਾਹੁੰਦਾ ਏ ;
ਐਪਰ ਮੱਝੀਆਂ ਬਾਰਾਂ ਦਿਨ ਵੀ ;
ਚਾਰਨ ਲਈ ਤਿਆਰ ਨਹੀਂ ।

for more news visit:
www.samajweekly.com

## ਨੋਟਿਸ

**ਸਾਰੇ ਲੇਖਕਾਂ ਨੂੰ ਬੇਨਤੀ ਹੈ ਕਿ ਆਪਣੀਆਂ ਰਚਨਾਵਾਂ ਨਾਲ ਆਪਣੀ ਅਤੇ ਸੰਬੰਧਿਤ ਫੋਟੋਆਂ ਜ਼ਰੂਰ ਭੇਜੋ, ਤਾਂ ਜੋ ਮੈਟਰ ਖਾਲੀ ਨਾ ਲੱਗੇ, ਧੰਨਵਾਦ ਜੀ।**

## ਹੋਲਾ-ਮਹੱਲਾ

ਭਾਰਤੀ ਸੱਭਿਆਚਾਰ ਚ ਰੁਤ, ਬਦਲਣ ਤੇ ਮਨਾਏ ਜਾਂਦੇ ਤਿਓਹਾਰ,ਪ੍ਰਗਟਾਵਾ ਕਰਦੇ ਦਿਲ ਦੇ, ਭਾਵਾਂ ਦਾ ਵਿੱਚ ਵਿਸਥਾਰ।ਪਤਝੜ ਤੋਂ ਬਾਅਦ ਬਸੰਤ ਰੁੱਤ, ਵਿੱਚ ਪੇੜਾਂ ਤੇ ਬਹਾਰ, ਪ੍ਰੀਵਾਰਿਕ ਮੈਂਬਰ ਵੀ ਰੰਗਾਂ ਨਾਲ, ਕਰਦੇ ਭਾਵਨਾਵਾਂ ਦਾ ਇਜ਼ਹਾਰ।ਚੇਤ ਵਿੱਚ ਨਵੇਂ ਸਾਲ ਦੀ ਆਮਦ ਤੇ, ਸਮਾਜ ਮਨਾਵੇ ਹੋਲੀ,ਪੂਜਾ ਹੁੰਦੀ ਮੰਦਰਾਂ ਚ, ਨਾਚ-ਗਾਣੇ ਨਾਲ ਹੁੰਦੀ ਰੰਗੋਲੀ।

ਸ਼ੁਭ ਵਿਚਾਰਾਂ ਨਾਲ ਹੁੰਦੀ ਸ਼ੁਰੂਆਤ,ਖੁਸ਼ੀਆਂ ਮਨਾਣ,ਦੋਸਤ-ਮਿੱਤਰ ਰਲ ਮਿਲ ਖੇਲਣ, ਬਾਜੇ ਪੀਪਨੀਆਂ ਵਜਾਣ,1699 ਦੀ ਵਿਸਾਖੀ ਤੇ, ਗੁਰੂ ਗੋਬਿੰਦ ਸਿੰਘ ਜੀ ਖਾਲਸਾ ਸਾਜਿਆ ਅੰਮ੍ਰਿਤ ਛਕਾ ਕੇ ਕੀਤੀ, ਸ਼ਕਤੀਸ਼ਾਲੀ ਕੌਮ ਦੀ ਸਿਰਜਣਾ,1701 ਵਿੱਚ ਨਵਾਂ ਰੂਪ ਦੇ ਕੇ ਹੋਲੀ ਨੂੰ, ਹੋਲਾ ਮਹੱਲਾ ਨਿਵਾਜਿਆ,ਦੱਬੇ-ਕੁਚਲੇ ਲੋਕਾਂ ਦਾ ਮਨੋਬਲ ਵਧਾਉਣ ਲਈ, ਹੋਈ ਸਿੰਘ ਗਰਜਣਾ।ਖਾਲਸਾਈ ਫੌਜਾਂ ਦੋ ਦਲਾਂ ਵਿੱਚ, ਯੁੱਧ ਕਲਾ ਦੇ ਜੋਹਰ ਦਿਖਾਣ,ਪਿੱਛੇ ਪਿੱਛੇ ਲੋਕਾਂ ਦਾ ਇਕੱਠ, ਜਲੂਸ ਰੂਪੀ,ਆਵੇ ਤੁਰਿਆ ਆਣ।ਜ਼ੁਲਮੀ ਰਾਜਿਆਂ ਦੇ ਜ਼ੁਲਮਾਂ ਨੂੰ ਰੋਕਣ ਲਈ ਕੀਤਾ ਵਿਧੀ-ਵਿਧਾਨ,ਸਮਾਜ ਅੰਦਰ ਫੈਲੀਆਂ, ਬੁਰਾਈਆਂ ਤੇ ਕੁਰੀਤੀਆਂ ਦਾ ਕੀਤਾ ਘਾਣ।

ਅਨੰਦਪੁਰ ਸਾਹਿਬ ਚ ਲੱਖਾਂ ਦੀ ਗਿਣਤੀ ਚ,ਸੰਗਤਾਂ ਪਹੁੰਚਦੀਆਂਮੇਲੇ,ਕੇਸਗੜ੍ਹ ਮੱਥਾ ਟੇਕ ਕੇ, ਢਾਡੀ ਵਾਰਾਂ ਬੀਰ- ਰਸ ਨਾਲ ਕਰਨ ਸੁਹੇਲੇ।ਗੱਤਕਾ, ਨੇਜ਼ੇ, ਤਲਵਾਰਾਂ ਦੇ ਕਰਤਬਾਂ ਨਾਲ, ਹੁੰਦੇ ਪਰੰਪਰਿਕ ਖੇਲੇ,ਰਸਤਿਆਂ ਵਿੱਚ ਸੜਕਾਂ ਕਿਨਾਰੇ, ਲੱਗਦੇ ਲੰਗਰ ਸੇਵਾ ਦੇ ਠੇਲ੍ਹੇ।



**ਅਮਰਜੀਤ ਸਿੰਘ ਤੂਰ ਪਿੰਡ ਕੁਲਬੁਰਛਾਂ ਜਿਲਾ ਪਟਿਆਲਾ ਹਾਲ-ਆਬਾਦ # 639/40ਏ ਚੰਡੀਗੜ੍ਹ। ਫੋਨ ਨੰਬਰ : 9878469639**

## ਵਰੇਗੰਢ ਮੁਬਾਰਕ



**ਮਾਸਟਰ ਸੰਜੀਵ ਧਰਮਾਣੀ ਤੇ ਮੈਡਮ ਰਜਨੀ ਧਰਮਾਣੀ**
**ਪਿੰਡ ਸਧੋਵਾਲ ( ਸ਼੍ਰੀ ਅਨੰਦਪੁਰ ਸਾਹਿਬ ) ਨੇ ਆਪਣੇ ਵਿਆਹ ਦੀ 17 ਵੀਂ ਵਰੇਗੰਢ ਮਨਾਈ।**

# ਪਰਮਾਤਮਾ ਦੀ ਪ੍ਰਾਪਤੀ

ਅਸੀਂ ਸਾਰੇ ਇਸ ਸੰਸਾਰ ਦੇ ਲੋਕ ਇਹ ਮੰਨਦੇ ਹਾਂ ਕਿ ਪਰਮਾਤਮਾ ਹੀ ਇਸ ਸੰਸਾਰ ਦਾ ਸਿਰਜਣਹਾਰ ਹੈ ਅਤੇ ਇਸ ਜੀਵਨ ਵਿੱਚ ਉਸਦੀ ਪ੍ਰਾਪਤੀ ਜ਼ਰੂਰੀ ਹੈ ਤਾਂ ਜੋ ਜੀਵਨ ਪੂਰਨਤਾ ਨੂੰ ਪ੍ਰਾਪਤ ਹੋਵੇ।ਕੋਈ ਇਸਨੂੰ ਭਗਤੀ ਦੁਆਰਾ ਪ੍ਰਾਪਤ ਕਰਨਾ ਚਾਹੁੰਦਾ ਹੈ,ਕੋਈ ਦਾਨ ਦੁਆਰਾ ਅਤੇ ਕੋਈ ਨਾਮ ਦੁਆਰਾ।ਸਾਰੇ ਧਾਰਮਿਕ ਗ੍ਰੰਥਾਂ ਦੇ ਉਪਦੇਸ਼ ਚੰਗੇ ਹਨ,ਪਰ ਫਾਇਦਾ ਤਾਂ ਹੈ ਕਿ ਜੇਕਰ ਅਸੀਂ ਤਿੰਨ ਘੰਟੇ ਸੁਣਨ ਤੋਂ ਬਾਅਦ ਤਿੰਨ ਮਿੰਟ ਸੁਣਿਆਂ ਹੋਇਆ ਆਪਣੇ ਅਸਲ ਜੀਵਨ ਵਿੱਚ ਲਾਗੂ ਕਰੀਏ।ਬਾਣੀ ਵਿੱਚ ਮਾਨਵੀ ਜੀਵਨ ਦੇ ਨੈਤਿਕ ਗੁਣਾਂ ਦੀ ਮਹਾਨਤਾ ਨੂੰ ਦੱਸਦੇ ਹੋਏ ਈਰਖਾ,ਛਲ,ਕਪਟ,ਝੂਠ ਆਦਿ ਦੀ ਨਿਖੇਧੀ ਕੀਤੀ ਗਈ ਹੈ।ਇਨ੍ਹਾਂ ਉਪਦੇਸ਼ਕ ਗੁਣਾਂ ਸਦਕਾ ਹੀ ਪ੍ਰਮਾਤਮਾ ਦੀ ਪ੍ਰਾਪਤੀ ਕੀਤੀ ਜਾ ਸਕਦੀ ਹੈ।ਹਊਮੈ ਮਨੁੱਖ ਲਈ ਇੱਕ ਨਾ ਮੁਰਾਦ ਬਿਮਾਰੀ ਹੈ ਜੋ ਮਨੁੱਖ ਨੂੰ ਪਰਮਾਤਮਾ ਤੋਂ ਦੂਰ ਕਰਦੀ ਹੈ।ਮਨੁੱਖ ਇਸਨੂੰ ਤਿਆਗ ਕੇ ਹੀ ਪਰਮਾਤਮਾ ਦੇ ਲੜ ਲੱਗ ਸਕਦਾ ਹੈ।

ਮਨੁੱਖ ਵਿੱਦਿਆ, ਹੁਸਨ, ਧੰਨ, ਸੁੰਦਰਤਾ ਆਦਿ ਦੇ ਜਾਲ ਵਿੱਚ ਫਸਿਆ ਹੋਇਆ ਹੈ ਜਿਵੇਂ:-

ਪੜਿ ਪੜਿ ਗਡੀ ਲਦੀਅਹਿ
ਪੜਿ ਪੜਿ ਭਰਿਅਹਿ ਸਾਖ॥
ਨਾਨਕ ਲੈਖੇ ਇੱਕ ਗਲ ਹੋਰ
ਹਊਮੈ ਝਖਣਾ ਝਾਖ॥

ਇਸ ਵਿਸ਼ਵੀਕਰਨ ਯੁੱਗ ਵਿੱਚ ਹਰ ਮਨੁੱਖ ਅੱਜ ਪੜਿਆ ਲਿਖਿਆ ਗਿਆਨਵਾਨ ਕਹਾਉਂਦਾ ਹੈ ਪਰ ਮਨੁੱਖ ਇੰਨਾਂ ਪੁਸਤਕਾਂ ਰਾਹੀਂ ਨੀਵਾਂ ਹੋ ਕੇ ਨਿਮਰਤਾ ਨਾਲ ਦੂਜਿਆ ਨੂੰ ਵੀ ਜੇ ਸਿੱਖਿਆ ਦੇਵੇ ਤਾਂ ਹੀ ਉਹ ਮਨੁੱਖ ਗਿਆਨਵਾਨ ਹੋ ਸਕਦਾ ਹੈ,ਨਹੀਂ ਤੇ ਉਸ ਦੀਆਂ ਪੁਸਤਕਾਂ ਦੇ ਢੇਰ ਜਿੰਨ੍ਹਾਂ ਨੂੰ ਪੜ੍ਹ-ਪੜ੍ਹ ਕੇ ਉਸ ਨੇ ਉਮਰ ਗੁਜਾਰ ਦਿੱਤੀ ,ਉਸ ਤੇ ਇਸ ਗਿਆਨ ਦਾ ਕੋਈ ਫ਼ਾਇਦਾ ਨਹੀਂ। ਅਸਲੀ ਗਿਆਨੀ ਮਨੁੱਖ ਉਹੀ ਹੈ ਜੋ ਨਿਮਰਤਾ ਨਾਲ ਦੂਜਿਆ ਦੀ ਖ਼ੁਸ਼ੀ ਵਿੱਚ ਖ਼ੁਸ਼ ਹੋਵੇ।ਜੇ ਮਨੁੱਖ ਆਪਣੇ ਗਿਆਨ ਦੇ ਹਊਮੈ ਵਿੱਚ ਭਟਕਦਾ ਰਹੇਗਾ ਤਾਂ ਉਹ ਪਰਮਾਤਮਾ ਦੀ ਸਿਫ਼ਤ ਸਲਾਹ ਤੋਂ ਸੱਖਣਾ ਹੀ ਰਹੇਗਾ।ਇਸ ਲਈ ਅੱਜ ਮਨੁੱਖ ਨੂੰ ਜ਼ਰੂਰੀ ਹੈ ਕਿ ਹਊਮੈ ਦੀ ਥਾਂ ਨਿਮਰਤਾ ਸਦਕਾ ਸਭ ਨੂੰ ਸਿੱਖਿਆ ਦਾ ਸਰਵਵਿਆਪੀ ਗਿਆਨ ਦੇਵੇ ਤੇ ਵਿੱਦਿਆ ਤੇ ਝੂਠਾ ਮਾਨ ਨਾ ਕਰੇ।ਸਬਰ ਸੰਤੋਖ ਮਨੁੱਖੀ ਸਖ਼ਸ਼ੀਅਤ ਦਾ ਸਭ ਤੋਂ ਵੱਡਾ ਗੁਣ ਹੈ ਜੋ ਮਨੁੱਖ ਨੂੰ ਪਰਮਾਤਮਾ ਦੇ ਵਿਸ਼ਵਾਸ ਨਾਲ ਜੋੜੀ ਰੱਖਦਾ ਹੈ ਪਰ ਲੋਕ ਨਾ ਤਾਂ ਸਬਰ ਸੰਤੋਖ ਵਿੱਚ ਜਿਊਂਦੇ ਹਨ ਨਾ ਹੀ ਆਪਣੇ ਧਰਮ ਵਿੱਚ ਅਟੱਲ ਰਹਿੰਦੇ ਹਨ।ਅੱਜ ਮਨੁੱਖ ਵਿਸ਼ਵਾਸ ਨਹੀਂ ਕਰਦਾ ਕਿਸੇ ਦੀਆਂ ਗੱਲਾਂ ਵਿੱਚ ਛੇਤੀ ਆਉਂਦਾ,ਆਪਣੇ ਮਨ ਦੀ ਸੁਣਨ ਦੀ ਬਜਾਏ ਆਪਣੇ ਝੂਠੇ ਕੰਨਾਂ ਦੀ ਸੁਣਦਾ ਤੇ ਫਿਰ ਸੋਚੇ ਸਮਝੇ ਬਿਨ੍ਹਾਂ ਮੂੰਹੋਂ ਮੰਦੇ ਸ਼ਬਦਾਂ ਦੀ ਵਰਤੋਂ ਕਰਦਾ।ਵਿਸ਼ਵਾਸ ਨੂੰ ਜਿਊਂਦਾ ਰੱਖਣ ਲਈ ਜ਼ਰੂਰੀ ਹੈ ਮੂੰਹੋਂ ਸਲੀਕੇ ਨਾਲ਼ ਬੋਲਣਾ ਕਿਉਂਕਿ ਇਹ ਸਲੀਕਾ ਹੀ ਜ਼ਿੰਦਗੀ ਦੇ ਅਗਲੇ ਆਧਾਰ ਉਸਾਰਦਾ।

ਮਨੁੱਖੀ ਆਚਰਣ ਵਿੱਚ ਮਿੱਠਾ ਬੋਲਣਾ ਅਤੇ ਨਿਮਰਤਾ ਨਾਲ਼ ਰਹਿਣ ਨਾਲ਼ ਹਰ ਇੱਕ ਦੇ ਮਨ ਨੂੰ ਜਿੱਤਿਆ ਜਾ ਸਕਦਾ ਕਿਉਂਕਿ ਕੌੜੀ ਬੋਲੀ ਅਤੇ ਦੂਜਿਆ ਦੀ ਜ਼ਿੰਦਗੀ ਵਿੱਚ ਦਖ਼ਲ ਅੰਦਾਜ਼ੀ ਸਿਰਫ਼ ਦੁਸ਼ਮਣੀਆਂ ਦਾ ਹੀ ਮੂਲ ਕਾਰਨ ਹੈ। ਮਿੱਠਾ ਬੋਲ ਕੇ ਮਨੁੱਖ ਸੰਸਾਰ ਨੂੰ ਮਿੱਤਰ ਬਣਾ ਸਕਦਾ ਹੈ ਪਰ ਅੱਜ ਮਾਨਵ ਕਾਮ,ਕ੍ਰੋਧ,ਲੋਭ,ਮੋਹ,ਅਹੰਕਾਰ ਆਦਿ ਵਿੱਚ ਬੁਰੀ ਤਰ੍ਹਾਂ ਫਸਿਆ ਹੋਇਆ ਹੈ,ਜਿਸ ਕਾਰਨ ਮਨੁੱਖ ਮਾਨਵੀਂ ਰਿਸ਼ਤਿਆਂ ਦੇ ਪਿਆਰ ਨੂੰ ਵੀ ਭੁੱਲਦਾ ਜਾ ਰਿਹਾ ਹੈ।ਮਨੁੱਖ ਨੂੰ ਹਮੇਸ਼ਾ ਮਨ ਤੋਂ ਸੁਚੇਤ ਰਹਿਣਾ ਚਾਹੀਦਾ ਹੈ ਤੇ ਸੋਚ ਨੂੰ ਸਚਿਆਰਾ ਬਣਾਉਂਣ ਲਈ ਦੂਜਿਆ ਦੀ ਖ਼ੁਸ਼ੀ ਦਾ ਵੀ ਧਿਆਨ ਰੱਖਣਾ ਚਾਹੀਦਾ ਹੈ।ਅੱਜ ਅਪਣੱਤ ਦੇ ਰਿਸ਼ਤੇ ਮਨੁੱਖੀ ਮਨ ਅੰਦਰੋਂ ਖ਼ਤਮ ਹੋ ਗਏ ਤੇ ਬਣਾਵਟੀ ਰਿਸ਼ਤੇ ਜਿਆਦਾ ਹੋ ਗਏ ਹਨ।ਮਨੁੱਖ ਨੂੰ ਇਸ ਝੂਠ ਤੋਂ ਬਾਹਰ ਸਮਾਜ ਦੀ ਸਚਾਈ ਵਿੱਚ ਵਿਚਰਨਾ ਚਾਹੀਦਾ ਹੈ। ਆਸਾ ਦੀ ਵਾਰ ਇਨਸਾਨ ਨੂੰ ਰਿਸ਼ਤਿਆ ਦੀ ਅਹਿਮੀਅਤ ਦਰਸਾਉਂਦੀ ਹੈ ਕਿ ਇੰਨ੍ਹਾਂ ਰਿਸ਼ਤਿਆ ਨੂੰ ਮਨੁੱਖ ਮਹੱਤਵ ਦੇਵੇ ਤੇ ਇਸ ਲਾਲਚ,ਮਾਇਆ ਦੀ ਝੂਠੀ ਜ਼ਿੰਦਗੀ ਨੂੰ ਛੱਡ ਕੇ ਸ਼ਾਨ ਨਾਲ਼ ਜ਼ਿੰਦਗੀ ਬਸਰ ਕਰੇ।ਅੱਜ ਉਹੀਂ ਮਨੁੱਖ ਖ਼ੁਸ਼ ਹੈ ਜੋ ਮਨੋ ਸੱਚਾ ਹੈ।ਜੋ ਬਾਹਰੋਂ ਦਿਖਾਵਾ ਕਰਦਾ ਤੇ ਅੰਦਰੋਂ ਸੜਦਾ ਹੈ,ਉਸ ਮਨੁੱਖ ਦਾ ਮਨ ਹਮੇਸ਼ਾ ਅਸ਼ਾਂਤ ਰਹਿੰਦਾ ਹੈ।ਜਦ ਤੱਕ ਮਨ ਅੰਦਰ ਮੈਲ ਹੈ ਤਦ ਤੱਕ ਮਨੁੱਖ ਤਰੱਕੀ ਵੀ ਨਹੀਂ ਕਰ ਸਕਦਾ।ਜੇਕਰ ਅਸੀਂ ਜੋ ਹੈ ਉਸ ਵਿੱਚ ਸੰਤੁਸ਼ਟ ਰਹੀਏ ਅਤੇ ਲਾਲਸਾ ਨਾ ਕਰੀਏ ਤਾਂ ਜੀਵਨ ਵਿੱਚ ਕੋਈ ਪ੍ਰੇਸ਼ਾਨੀ ਹੋ ਹੀ ਨਹੀਂ ਸਕਦੀ।ਕਦੇ ਅਜਿਹਾ ਝੂਠ ਨਹੀਂ ਬੋਲਣਾ ਚਾਹੀਦਾ ਜਿਸ ਨਾਲ਼ ਦੂਸਰਿਆ ਦਾ ਨੁਕਸਾਨ ਹੁੰਦਾ ਹੋਵੇ।ਇੰਨ੍ਹਾਂ ਸਧਾਰਨ ਗੱਲਾਂ ਨੂੰ ਆਪਣੇ ਜੀਵਨ ਵਿੱਚ ਲਾਗੂ ਕਰਕੇ ਅਸੀਂ ਆਪਣੇ ਜੀਵਨ ਵਿੱਚ ਸਰਲਤਾ ਲਿਆ ਸਕਦੇ ਹਾਂ ਅਤੇ ਸਰਲ ਜੀਵਨ ਵਿੱਚ ਪਰਮਾਤਮਾ ਨੂੰ ਪ੍ਰਾਪਤ ਕਰਨਾ ਸੌਖਾ ਹੋ ਜਾਂਦਾ ਹੈ।ਨਿਮਰਤਾ ਅਤੇ ਮਿੱਠੀ ਬੋਲੀ ਇੱਕ ਅਜਿਹਾ ਗੁਣ ਹੈ ਜੋ ਸਾਨੂੰ ਅਤੇ ਦੂਸਰੇ ਲੋਕਾਂ ਨੂੰ ਖ਼ੁਸ਼ੀ ਪ੍ਰਦਾਨ ਕਰਦਾ ਹੈ।ਇਸ ਕਰਕੇ ਸਦਾ ਇਹ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਅਜਿਹੀ ਬੋਲੀ ਨਹੀਂ ਬੋਲਣੀ ਚਾਹੀਦੀ ਜਿਸ ਨੂੰ ਬੋਲਕੇ ਨਾ ਹੀਂ ਸਾਨੂੰ ਖ਼ੁਸ਼ੀ ਮਿਲਦੀ ਹੈ ਅਤੇ ਸੁਣਨ ਵਾਲੇ ਉੱਤੇ ਵੀ ਬੁਰਾ ਅਸਰ ਪੈਂਦਾ ਹੈ।ਇਹਨਾਂ ਥੋੜ੍ਹੀਆਂ ਜਿਹੀਆਂ ਚੰਗੀਆਂ ਗੱਲਾਂ ਨੂੰ ਆਪਣੇ ਜੀਵਨ ਵਿੱਚ ਅਪਣਾ ਕੇ ਅਸੀਂ ਅਗਲੀ ਖ਼ੁਸ਼ੀ ਪ੍ਰਪਤ ਕਰ ਸਕਦੇ ਹਾਂ ਅਤੇ ਪਰਮਾਤਮਾ ਨੂੰ ਪਾ ਸਕਦੇ ਹਾਂ ਕਿਉਂਕਿ ਪਰਮਾਤਮਾ ਵੀ ਉਨ੍ਹਾਂ ਤੇ ਮਿਹਰਬਾਨ ਹੁੰਦਾ ਹੈ,ਜੋ ਦੂਜਿਆਂ ਦੀ ਖ਼ੁਸ਼ੀ ਦਾ ਖਿਆਲ ਰੱਖਦੇ ਹਨ ਅਤੇ ਕਿਸੇ ਨੂੰ ਕੌੜਾ ਬੋਲ ਨਹੀਂ ਬੋਲਦੇ।



ਸੰਦੀਪ ਕੌਰ ਖੁੱਡੀ
ਕਲਾਂ ਬਰਨਾਲਾ
9781660021

# .ਗਲਤੀਆਂ ਅਤੇ ਗੁਨਾਹ

ਜ਼ਿੰਦਗੀ ਵਿੱਚ ਗ਼ਲਤੀਆਂ ਸਾਰੇ ਹੀ ਕਰਦੇ ਹਨ। ਸ਼ਾਇਦ ਹੀ ਕੋਈ ਅਜਿਹਾ ਵਿਅਕਤੀ ਹੋਵੇ ਜਿਸ ਨੇ ਕਦੀ ਗ਼ਲਤੀ ਨਾ ਕੀਤੀ ਹੋਵੇ। ਜੇ ਇਵੇਂ ਕਹਿ ਲਈਏ ਕਿ ਇਨਸਾਨ ਗ਼ਲਤੀਆਂ ਦਾ ਪੁਤਲਾ ਹੈ, ਤਾਂ ਠੀਕ ਹੀ ਹੋਵੇਗਾ। ਗ਼ਲਤੀ ਕਰਕੇ ਉਸ ਤੋਂ ਸਿੱਖਣਾ ਬੇਹੱਦ ਜ਼ਰੂਰੀ ਹੁੰਦਾ ਹੈ, ਪਰ ਜੇਕਰ ਅਸੀਂ ਵਾਰ-ਵਾਰ ਗ਼ਲਤੀਆਂ ਕਰੀ ਜਾਵਾਂਗੇ ਤਾਂ ਉਹ ਕਈ ਵਾਰ ਗੁਨਾਹ ਵੀ ਬਣ ਜਾਂਦੇ ਹਨ। ਗ਼ਲਤੀ ਸਾਡੇ ਕੋਲ਼ ਅਚਾਨਕ ਹੀ ਹੋ ਜਾਂਦੀ ਹੈ। ਇਹ ਮਨਸਾ ਨਹੀਂ ਹੁੰਦੀ ਕਿ ਗ਼ਲਤੀ ਹੀ ਕਰਨੀ ਹੈ। ਜਦੋਂ ਕਦੇ ਅਚਾਨਕ ਕੋਈ ਕੰਮ ਖ਼ਰਾਬ ਹੋਵੇ, ਨਾ ਚਾਹੁੰਦਿਆਂ ਹੋਇਆਂ ਵੀ ਕਿਸੇ ਦਾ ਦਿਲ ਦੁਖਾਇਆ ਜਾਵੇ ਜਾਂ ਕਿਸੇ ਦਾ ਨੁਕ-ਸਾਨ ਹੋ ਜਾਵੇ ਤਾਂ ਉਸ ਨੂੰ ਗ਼ਲਤੀ ਕਿਹਾ ਜਾ ਸਕਦਾ ਹੈ। ਕਦੀ ਕਿਤੇ ਗ਼ਲਤੀ ਨਾਲ਼ ਕਿਸੇ ਨੂੰ ਦੁੱਖ ਪਹੁੰਚਾਇਆ ਜਾ ਸਕਦਾ ਹੈ, ਪਰ ਮਨਸਾ ਦੁਖੀ ਕਰਨ ਦੀ ਨਹੀਂ ਹੁੰਦੀ ਤਾਂ ਉਹ ਗ਼ਲਤੀ ਹੁੰਦੀ ਹੈ ਅਤੇ ਇਸ ਦੀ ਮੁਆਫੀ ਵੀ ਹੁੰਦੀ ਹੈ,ਪਰ ਜੇਕਰ ਲਗਾਤਾਰ ਦੁੱਖ ਪਹੁੰਚਾ ਰਹੇ ਹੋ ਜਾਂ ਨੁਕਸਾਨ ਕਰੀ ਹੀ ਜਾ ਰਹੇ ਹੋਈਏ.. ਤਾਂ ਉਸ ਨੂੰ ਗੁਨਾਹ ਕਿਹਾ ਜਾ ਸਕਦਾ ਹੈ।

ਗ਼ਲਤੀ ਅਚਾਨਕ ਹੋ ਜਾਂਦੀ ਹੈ ਅਤੇ ਗੁਨਾਹ ਅਸੀਂ ਸੋਚਦੇ ਸਮਝਦੇ ਹੋਏ ਵੀ ਕਰਦੇ ਹਾਂ। ਜਿਸ ਨਾਲ ਵਧੀਕੀ ਹੋਣ ਵਾਲੀ ਹੁੰਦੀ ਹੈ.. ਉਸ ਵਿਚਾਰੇ ਨੂੰ ਪਤਾ ਵੀ ਨਹੀਂ ਹੁੰਦਾ.. ਕਿੰਨਾ ਨੁਕਸਾਨ ਹੋਣ ਵਾਲਾ ਹੈ?

ਗੁਨਾਹ ਕਰਨ ਵਾਲਾ ਵਿਅਕਤੀ ਆਪਣੀ ਗ਼ਲਤੀ ਤੋਂ ਵਾਕਿਫ਼ ਹੁੰਦਾ ਹੈ। ਉਸ ਨੂੰ ਪਤਾ ਹੁੰਦਾ ਹੈ ਕਿ ਉਹ ਕਿਸੇ ਦਾ ਨੁਕਸਾਨ ਕਰ ਰਿਹਾ ਹੈ, ਪਰ ਆਪਣੇ ਆਪ ਉੱਤੇ ਸਵੈ-ਕਾਬੂ ਦੀ ਘਾਟ ਕਾਰਨ ਰੁਕਦਾ ਨਹੀਂ ਹੈ ਜਾਂ ਇਵੇਂ ਵੀ ਕਿਹਾ ਜਾ ਸਕਦਾ ਹੈ ਕਿ ਉਸ ਦੀ ਅੰਦਰਲੀ ਮਨਸਾ ਬੁਰੀ ਹੁੰਦੀ ਹੈ। ਉਸ ਦਾ ਮਾਨਸਿਕ ਵਿਕਾਸ ਏਨਾ ਨਹੀਂ ਹੋਇਆ ਹੁੰਦਾ ਕਿ ਉਹ ਕਿਸੇ ਦਾ ਨੁਕਸਾਨ ਨਾ ਕਰੇ। ਸਗੋਂ ਉਸਨੂੰ ਨੁਕਸਾਨ ਕਰਕੇ ਮਾਨਸਿਕ ਖ਼ੁਸ਼ੀ ਮਿਲਦੀ ਹੈ। ਸਾਡੇ ਚੰਗੇ ਮੰਦੇ ਕਰਮਾਂ ਦਾ ਸਬੰਧ ਸਾਡੇ ਮਨ ਦੇ ਨਾਲ਼ ਬਹੁਤ ਗਹਿਰਾ ਹੁੰਦਾ ਹੈ। ਜਿਹੋ ਜਿਹੀ ਸੋਚ ਵਿਚਾਰ ਸਾਡੇ ਮਨ ਦੇ ਵਿੱਚ ਹੋਵੇਗੀ ਸਾਡੇ ਕਾਰ ਵਿਹਾਰ ਵੀ ਉਹੋ ਜਿਹੇ ਹੀ ਹੁੰਦੇ ਹਨ। ਚੰਗੀ ਸੋਚ ਵਾਲਾ ਅਤੇ ਚੰਗੇ ਸੰਸਕਾਰਾਂ ਵਿੱਚ ਪਲਿਆ ਹੋਇਆ ਇਨਸਾਨ ਕਦੀ ਵੀ ਕਿਸੇ ਦਾ ਨੁਕਸਾਨ ਨਹੀਂ ਕਰ ਸਕੇਗਾ। ਉਸ ਕੋਲੋਂ ਗ਼ਲਤੀ ਅਚਾਨਕ ਹੋ ਸਕਦੀ ਹੈ, ਪਰ ਉਹ ਕਿਸੇ ਨੂੰ ਸੋਚ ਸਮਝ ਕੇ ਕਿਸੇ ਸਾਜਿਸ਼ ਦੇ ਤਹਿਤ ਨੁਕਸਾਨ ਨਹੀਂ ਪਹੁੰਚਾ ਸਕਦਾ।

ਜ਼ਿੰਦਗੀ ਵਿੱਚ ਅਸੀਂ ਤਕਰੀਬਨ ਨਿੱਕੀਆਂ-ਨਿੱਕੀਆਂ ਗ਼ਲਤੀਆਂ ਤਾਂ ਕਰਦੇ ਹੀ ਰਹਿੰਦੇ ਹਾਂ, ਪਰ ਮੰਨਣ ਲਈ ਕਦੀ ਵੀ ਤਿਆਰ ਨਹੀਂ ਹੁੰਦੇ ਜਾਂ ਫਿਰ ਬਹੁਤ ਘੱਟ ਅਜਿਹੇ ਦਰਿਆ ਦਿਲ ਲੋਕ ਹੁੰਦੇ ਹਨ, ਜੋ ਵਕਤ ਰਹਿੰਦਿਆਂ ਹੀ ਗ਼ਲਤੀ ਮੰਨ ਕੇ ਸੁਧਾਰ ਕਰਨ ਲਈ ਰਾਜ਼ੀ ਹੋ ਜਾਂਦੇ ਹਨ। ਜ਼ਿਆਦਾਤਰ ਇਨਸਾਨੀ ਫ਼ਿਤਰਤ ਇਹ ਹੁੰਦੀ ਹੈ ਕਿ ਉਹ ਆਪਣੀ ਗ਼ਲਤੀ ਦਾ ਦੋਸ਼ ਦੂਸਰੇ ਉੱਤੇ ਲਗਾ ਕੇ ਆਪ ਸੁਰਖਰੂ ਹੋ ਜਾਣਾ ਬੇਹਤਰ ਸਮਝਦੇ ਹਨ। ਗ਼ਲਤੀ ਨੂੰ ਗ਼ਲਤੀ ਹੀ ਰਹਿਣ ਦਿੱਤਾ ਜਾਵੇ ਤਾਂ ਸਹੀ ਹੈ। ਜਦੋਂ ਅਸੀਂ ਵਾਰ-ਵਾਰ ਬਾਜ਼ ਨਹੀਂ ਆਉਂਦੇ ਅਤੇ ਜਾਣਦੇ ਬੁੱਝਦੇ ਹੋਏ ਵੀ ਆਪਣੀ ਗ਼ਲਤੀਆਂ ਕਰਨ ਦੀ ਆਦਤ ਦੇ ਆਦੀ ਹੋ ਜਾਂਦੇ ਹਾਂ, ਤਾਂ ਉਹ ਗੁਨਾਹ ਬਣ ਜਾਂਦਾ ਹੈ। ਫਿਰ ਗੁਨਾਹ ਸਭ ਸਾਹਮਣੇ ਜੱਗ ਜ਼ਾਹਰ ਵੀ ਹੁੰਦੇ ਹਨ, ਪਰ ਕਈ ਵਾਰ ਗੁਨਾਹ ਏਨੀ ਦੇਰ ਨਾਲ਼ ਸਾਬਤ ਹੁੰਦੇ ਹਨ ਕਿ ਸਾਹਮਣੇ ਵਾਲੇ ਵਿਅਕਤੀ ਦੀ ਪੂਰੀ ਜ਼ਿੰਦਗੀ ਖ਼ਰਾਬ ਹੋ ਚੁੱਕੀ ਹੁੰਦੀ ਹੈ।

ਕੋਈ ਵਿਅਕਤੀ ਸ਼ੁਰੂ ਤੋਂ ਹੀ ਪੂਰਨ ਨਹੀਂ ਹੁੰਦਾ। ਹੌਲੀ-ਹੌਲੀ, ਜ਼ਿੰਦਗੀ ਵਿੱਚ ਸਿੱਖਦਿਆ-ਸਿੱਖਦਿਆ ਹੀ ਸਿੱਖਿਅਕ ਬਣਿਆ ਜਾਂਦਾ ਹੈ। ਅਸੀਂ ਸਾਰੇ ਇੱਕ ਦੂਸਰੇ ਦੇ ਬਿਨਾਂ ਅਧੂਰੇ ਹਾਂ। ਗ਼ਲਤੀ ਕਰਨ ਦੀ ਖੁੱਲ੍ਹ ਤਾਂ ਅਸੀਂ ਚਾਹੁੰਦੇ ਹਾਂ, ਪਰ ਆਪ ਕਿਸੇ ਦੀ ਗ਼ਲਤੀ ਬਰਦਾਸ਼ਤ ਨਹੀਂ ਕਰਦੇ। ਆਪਣੀ ਗ਼ਲਤੀ ਨੂੰ ਤਾਂ ਅਸੀਂ ਚਾਹੁੰਦੇ ਹਾਂ ਕਿ ਅਗਲਾ ਮੁਆਫ਼ ਕਰ ਦੇਵੇ.. ਪਰ ਮਨ ਆਪਣੇ ਨੂੰ ਏਨਾ ਵੱਡਾ ਨਹੀਂ ਰੱਖਦੇ ਕਿ ਅਸੀਂ ਕਿਸੇ ਦੂਸਰੇ ਦੀ ਗ਼ਲਤੀ ਨੂੰ ਵੀ ਮੁਆਫ਼ ਕਰ ਸਕੀਏ। ਅਸੀਂ ਨਿੱਤ ਦੇ ਜੀਵਨ ਵਿੱਚ ਨਿੱਕੇ-ਨਿੱਕੇ ਰੋਸੇ ਅਤੇ ਸਾੜਿਆ ਕਾਰਨ ਹੀ ਗ਼ਲਤੀਆਂ ਅਤੇ ਵਿਤਕਰੇ ਕਰੀ ਜਾਂਦੇ ਹਾਂ। ਦੂਸਰੇ ਵਲੋਂ ਹੋਈ ਗ਼ਲਤੀ ਨੂੰ ਖ਼ੂਬ ਮੰਗਦੇ ਹਾਂ। ਇਨਸਾਨ ਹਮੇਸ਼ਾ ਤੋਂ ਹੀ ਆਪਣੇ ਆਪ ਨੂੰ ਸੱਚਾ ਅਤੇ ਦੁੱਧ ਧੋਤਾ ਮੰਨਦਾ ਆਇਆ ਹੈ। ਸਭ ਨੂੰ ਪਤਾ ਹੈ ਕਿ ਅਸੀਂ ਇੱਕ ਨਾ ਇੱਕ ਦਿਨ ਇੱਥੋਂ ਜਾਣਾ ਹੈ। ਆਪਣੇ ਨਾਲ਼ ਕੁਝ ਵੀ ਨਹੀਂ ਲੈ ਕੇ ਜਾਣਾ ਹੈ, ਪਰ ਸਾਰੀ ਉਮਰ ਲੰਘ ਜਾਂਦੀ ਹੈ, ਇਹ ਨਿੱਕੀ ਜਿਹੀ ਗੱਲ ਪੱਲੇ ਫਿਰ ਵੀ ਨਹੀਂ ਪੈਂਦੀ ਹੈ। ਬਾਅਦ ਵਿੱਚ ਪਛਤਾਵਾ ਭਾਵੇਂ ਦੁੱਗਣਾ ਕਰ ਲਈਏ, ਪਰ ਗ਼ਲਤੀ ਕਰਨ ਤੋਂ ਬਾਜ਼ ਘੱਟ ਹੀ ਆਉਂਦੇ ਹਾਂ। ਜ਼ਿਆਦਾਤਰ ਆਪਣੀ ਗ਼ਲਤੀ ਨੂੰ ਸਵੀਕਾਰ ਨਹੀਂ ਕਰਦੇ ਅਤੇ ਇਸੇ ਕਰਕੇ ਉਹ ਮਾਨਸਿਕ ਦਬਾਅ ਵਿੱਚ ਵੀ ਰਹਿੰਦੇ ਹਨ।

ਬੱਚਿਆਂ ਨੂੰ ਪਿਆਰ ਅਤੇ ਦੁਲਾਰ ਖ਼ੂਬ ਕਰੋ, ਪਰ ਕਦੀ ਵੀ ਨਿੱਕੀ ਜਿਹੀ ਗ਼ਲਤੀ ਵੀ ਨਜ਼ਰ ਅੰਦਾਜ਼ ਨਾ ਕਰੋ। ਜ਼ਰੂਰੀ ਨਹੀਂ ਗ਼ਲਤੀ ਹੋਣ ਉੱਤੇ ਝਿੜਕਣਾ ਜਾਂ ਮਾਰਨਾ ਹੀ ਹੁੰਦਾ ਹੈ। ਕੋਲ਼ ਬਿਠਾ ਕੇ ਪਿਆਰ ਨਾਲ਼ ਸਮਝਾਇਆ ਵੀ ਜਾ ਸਕਦਾ ਹੈ। ਗ਼ਲਤੀ ਦਾ ਅਹਿਸਾਸ ਕਰਵਾਉਣਾ ਜ਼ਰੂਰੀ ਹੁੰਦਾ ਹੈ। ਬਹੁਤੀਆਂ ਮੁਸ਼ਕਲਾ ਅਤੇ ਬਖੇੜੇ ਅਸਾਨੀ ਨਾਲ਼ ਹੱਲ ਹੋ ਸਕਦੇ ਹਨ, ਪਰ ਸਾਡੀ ਹਉਮੈਂ ਕਾਰਨ ਇਹ ਨਿੱਕੇ-ਨਿੱਕੇ ਮਸਲੇ ਲਮਕਾ ਕੇ ਵੱਡੇ-ਵੱਡੇ ਗੁਨਾਹ ਬਣਾ ਲੈਂਦੇ ਹਾਂ। ਜ਼ਿਆਦਾਤਰ ਗੁਨਾਹਾਂ ਵਿੱਚ ਦੇਖਿਆ ਗਿਆ ਹੈ ਕਿ ਗੱਲ ਕੋਈ ਬਹੁਤੀ ਵੱਡੀ ਨਹੀਂ ਹੁੰਦੀ। ਅਸੀਂ ਗੱਲਾਂ ਨੂੰ ਕਰ-ਕਰ ਕੇ ਉਹਨਾਂ ਨਾਲ਼ ਦੋ-ਦੋ, ਚਾਰ-ਚਾਰ ਸ਼ਬਦ ਲਗਾ ਕੇ ਗੱਲ ਨੂੰ ਏਡੀ ਵੱਡੀ ਬਣਾ ਦਿੰਦੇ ਹਾਂ ਕਿ ਇਨਸਾਨ ਦੀ ਬਰਦਾਸ਼ਤ ਕਰਨ ਦੀ ਹੱਦ ਖ਼ਤਮ ਹੋ ਜਾਂਦੀ ਹੈ ਅਤੇ ਉਸ ਦੀ ਗ਼ਲਤੀ ਗੁਨਾਹ ਵਿੱਚ ਸਹਿਜੇ ਹੀ ਬਦਲ ਜਾਂਦੀ ਹੈ।

ਜੇਕਰ ਕਿਸੇ ਕੋਲੋਂ ਗ਼ਲਤੀ ਹੋ ਵੀ ਜਾਵੇ ਤਾਂ ਵਾਰ-ਵਾਰ ਦੁਹਰਾਇਆ ਨਾ ਜਾਵੇ। ਬਲਕਿ ਉਸ ਦਾ ਸੁਧਾਰ ਕਿਵੇਂ ਕੀਤਾ ਜਾਵੇ, ਇਸ ਬਾਰੇ ਸੋਚਣਾ ਚਾਹੀਦਾ ਹੈ। ਇਵੇਂ ਹੀ ਕਿਸੇ ਦੂਸਰੇ ਦੀਆਂ ਕਮੀਆਂ ਬਾਰੇ ਤਾਂ ਖ਼ੂਬ ਰੌਲ਼ਾ ਪਾਉਂਦੇ ਹਾਂ, ਪਰ ਆਪਣੀਆ ਕਮੀਆਂ ਹਮੇਸ਼ਾ ਛੁਪਾਉਂਦੇ ਹਾਂ। ਨਿੱਕੇ-ਨਿੱਕੇ ਰੋਸਿਆਂ ਨੂੰ ਸਮਾਂ ਰਹਿੰਦਿਆ ਹੀ ਮਿਟਾ ਲੈਣਾ ਚਾਹੀਦਾ ਹੈ। ਇਨਸਾਨ ਦਾ ਮਨ ਕਦੀ-ਕਦੀ ਬੇਲਗਾਮ ਘੋੜੇ ਵਾਂਗ ਦੌੜਦਾ ਹੈ। ਇਸ ਵਿੱਚ ਕਿਹੜੇ ਵੇਲੇ ਕਿਹੜੀ ਗੱਲ ਆ ਜਾਣੀ ਹੈ.. ਅੱਖ ਝਪਕਣ ਦੀ ਦੇਰ ਹੁੰਦੀ ਹੈ.. ਪਤਾ ਹੀ ਨਹੀਂ ਲੱਗਦਾ।

ਮੇਰਾ ਵਾਹ ਅਕਸਰ ਵਿਦਿਆਰਥੀਆਂ ਨਾਲ਼ ਪੈਂਦਾ ਹੈ। ਮੈਂ ਮਹਿਸੂਸ ਕੀਤਾ ਹੈ ਕਿ ਕਈ ਵਾਰ ਨਿਆਣਪੁਣੇ ਵਿੱਚ ਕੀਤੀ ਗ਼ਲਤੀ ਏਨੀ ਵੱਡੀ ਨਹੀਂ ਹੁੰਦੀ.. ਜਿੰਨੀ ਉਹਨਾਂ ਨੂੰ ਸਜ਼ਾ ਮਿਲ ਜਾਂਦੀ ਹੈ। ਸਾਡੇ ਵਰਗੇ ਆਪਣੇ ਆਪ ਨੂੰ ਸਿਆਣੇ ਸਮਝਣ ਵਾਲੇ ਹਲੀਮੀ ਤੋਂ ਕੰਮ ਨਹੀਂ ਲੈਂਦੇ। ਸਗੋਂ ਇੱਕ ਗੱਲ ਨਾਲ਼ ਦੋ ਹੋਰ ਲਗਾ ਕੇ ਦਸਦੇ ਹਨ। ਮਾੜੀ ਜਿਹੀ ਗ਼ਲਤੀ ਨੂੰ ਚੰਗਾ ਵੱਡਾ ਗੁਨਾਹ ਬਣਾ ਕੇ ਪੇਸ਼ ਕੀਤਾ ਜਾਂਦਾ ਹੈ। ਬੱਚੇ ਨੇ ਜਦੋਂ ਗ਼ਲਤੀ ਨਾ ਕੀਤੀ ਹੋਵੇ ਤੇ ਉਸਨੂੰ ਸਜ਼ਾ ਮਿਲ ਜਾਵੇ ਜਾਂ ਗ਼ਲਤੀ ਥੋੜ੍ਹੀ ਹੋਵੇ ਅਤੇ ਸਜ਼ਾ ਵੱਡੀ ਮਿਲ ਜਾਵੇ ਤਾਂ ਉਸ ਦੇ ਮਨ ਉੱਪਰ ਇਸ ਚੀਜ਼ ਦਾ ਕਈ ਵਾਰ ਬਹੁਤ ਗਹਿਰਾ ਅਸਰ ਹੁੰਦਾ ਹੈ। ਉਸਦੇ ਅੰਦਰ ਬਦਲੇ ਦੀ ਭਾਵਨਾ ਆ ਜਾਂਦੀ ਹੈ ਅਤੇ ਇਹੀ ਬਦਲੇ ਦੀ ਭਾਵਨਾ ਇਨਾ ਭਿਆਨਕ ਰੂਪ ਅਖ਼ਤਿਆਰ ਕਰ ਜਾਂਦੀ ਹੈ ਕਿ ਬੱਚਾ ਗੁਨਾਹ ਦੇ ਰਾਹ ਉੱਪਰ ਤੁਰ ਪੈਂਦਾ ਹੈ।

ਸੋ ਸਾਨੂੰ ਆਪਣੀਆਂ ਵੀ ਅਤੇ ਦੂਸਰਿਆਂ ਦੀਆਂ ਗ਼ਲਤੀਆਂ ਨੂੰ ਵੀ ਸਮੇਂ ਸਿਰ ਸੁਧਾਰਨ ਦੀ ਜ਼ਰੂਰਤ ਹੈ। ਆਪ ਮੁਆਫੀ ਮੰਗਣ ਦੀ ਜਾਂਚ ਵੀ ਆਉਣੀ ਚਾਹੀਦੀ ਹੈ ਅਤੇ ਮੁਆਫ਼ ਕਰਨ ਦਾ ਜਿਗਰਾ ਵੀ ਰੱਖਣਾ ਚਾਹੀਦਾ ਹੈ। ਇਹ ਨਾ ਹੋਵੇ ਕਿ ਇਹ ਨਿੱਕੀਆਂ-ਨਿੱਕੀਆਂ ਗ਼ਲਤੀਆਂ ਇੱਕ ਦਿਨ ਗੁਨਾਹ ਬਣ ਕੇ ਸਾਡੇ ਸਾਹਮਣੇ ਆਉਣ। ਸਮਾਜ ਵਿੱਚ ਕੋਈ ਵੀ ਨਵੀਂ ਲੀਹ ਪਾਉਣ ਲਈ ਸਮਾਂ ਵੀ ਲਗਦਾ ਹੈ ਅਤੇ ਸੋਚ ਨੂੰ ਸਕਾਰਾਤਮਕ ਵੀ ਕਰਨਾ ਪੈਂਦਾ ਹੈ। ਕਿਸੇ ਦੀ ਵੀ ਗ਼ਲਤੀ ਨੂੰ ਗੁਨਾਹ ਬਣਨ ਤੋਂ ਰੋਕਣ ਲਈ ਸਮਾਂ ਰਹਿੰਦਿਆਂ ਹੀ ਕਾਰਜ ਕਰਨਾ ਜ਼ਰੂਰੀ ਹੈ। ਜ਼ਿੰਦਗੀ ਵਿੱਚ ਗਲ਼ਤੀਆਂ ਦੀ ਗੁੰਜਾਇਸ਼ ਰੱਖੋ ਅਤੇ ਫਿਰ ਉਹਨਾਂ ਨੂੰ ਸੁਧਾਰਨ ਦੇ ਯਤਨ ਵੀ ਜ਼ਰੂਰੀ ਹਨ। ਗ਼ਲਤੀਆਂ ਨੂੰ ਗਲਤੀ ਤੱਕ ਹੀ ਸੀਮਤ ਰੱਖਿਆ ਜਾਵੇ ਤਾਂ ਕਿ ਉਹ ਗੁਨਾਹਾਂ ਤੱਕ ਨਾ ਪਹੁੰਚ ਸਕੇ। ਜ਼ਿੰਦਗੀ ਨੂੰ ਵਧੀਆ ਤਰੀਕੇ ਨਾਲ਼ ਜਿਊਣ ਲਈ ਆਪਣੇ ਆਪ ਵਿੱਚ ਲਗਾਤਾਰ ਸੁਧਾਰਾਂ ਦੀ ਵੀ ਜ਼ਰੂਰਤ ਹੁੰਦੀ ਹੈ। ਇਸ ਕਰਕੇ ਗ਼ਲਤੀਆਂ ਨੂੰ ਸੁਧਾਰਦੇ ਹੋਏ, ਗੁਨਾਹਾਂ ਤੋਂ ਬਚਦੇ ਹੋਏ, ਆਪਣੀ ਜ਼ਿੰਦਗੀ ਨੂੰ ਲਗਾਤਾਰ ਬਿਹਤਰ ਬਣਾਉਣ ਵਿੱਚ ਰੁੱਝੇ ਰਹਿਣਾ ਚਾਹੀਦਾ ਹੈ।

ਮੁਆਫ਼ੀ.. ਗ਼ਲਤੀ ਦੀ ਹੁੰਦੀ ਹੈ.. ਨਾ ਕਿ ਗੁਨਾਹ ਦੀ.. ਇਸ ਕਰਕੇ ਸਦਾ ਮਨ ਨੂੰ ਸਕੂਨ ਵਿਚ ਰੱਖੋ। ਹੱਸਦੇ-ਵੱਸਦੇ ਰਹੋ, ਜ਼ਿੰਦਗੀ ਨੂੰ ਖ਼ੂਬਸੂਰਤ ਤਰੀਕੇ ਨਾਲ ਜੀਣ ਦੀ ਚਾਹ ਰੱਖੋ ਪਿਆਰਿਓ...!



ਪਰਵੀਨ ਕੌਰ ਸਿੱਧੂ
8146536200

# ਨਵੇਂ ਚੁਣੇ ਸਰਪੰਚਾਂ ਅਤੇ ਪੰਚਾਂ ਨੂੰ ਮੁਢਲੀ ਸਿਖਲਾਈ ਪ੍ਰੋਗਰਾਮ ਵਿਚ ਸਿਹਤ ਪ੍ਰੋਗਰਾਮਾਂ ਸਬੰਧੀ ਕੀਤਾ ਜਾਗਰੂਕ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਅੱਜ ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰ, ਨਵਾਂਸ਼ਹਿਰ ਰਾਜਵਿੰਦਰ ਕੌਰ ਦੀਆਂ ਹਦਾਇਤਾਂ ਅਨੁਸਾਰ ਪੰਚਾਇਤੀ ਰਾਜ ਸੰਸਥਾਵਾਂ ਦੇ ਨਵੇਂ ਚੁਣੇ ਸਰਪੰਚਾਂ ਅਤੇ ਪੰਚਾਂ ਲਈ ਬਲਾਕ ਪੱਧਰ 'ਤੇ ਮੁਢਲੀ ਸਿਖਲਾਈ ਪ੍ਰੋਗਰਾਮ ਬਾਰਾਦਰੀ ਬਾਗ਼ ਨਵਾਂਸ਼ਹਿਰ ਵਿਖੇ ਰੱਖਿਆ ਗਿਆ। ਇਸ ਵਿਚ ਹਰਜੀਤ ਸਿੰਘ ਅਟਵਾਲ ਐਡਵੋਕੇਟ ਮਾਸਟਰ ਰੀਸੋਰਸ ਪਰਸਨ ਸਟੇਟ ਇੰਸਟੀਚਿਊਟ ਰੁਰਲ ਡਿਵੈਲਪਮੈਂਟ ਮੁਹਾਲੀ, ਹਰਨਿੰਦਰ ਕੌਰ ਰੀਸੋਰਸ ਪਰਸਨ ਐਸ. ਆਈਂ. ਆਰ. ਡੀ ਮੁਹਾਲੀ, ਸੁਰੇਸ਼ ਕੁਮਾਰ ਕੰਪਿਊਟਰ ਅਪਰੇਟਰ, ਨਵਦੀਪ ਬੀ. ਡੀ. ਪੀ. ਓ ਦਫਤਰ ਨਵਾਂਸ਼ਹਿਰ ਨੇ ਪੂਰਨ ਸਹਿਯੋਗ ਦਿੱਤਾ। ਇਸ ਪ੍ਰੋਗਰਾਮ ਵਿਚ ਸਿਵਲ ਸਰਜਨ ਦਫ਼ਤਰ ਸ਼ਹੀਦ ਭਗਤ ਸਿੰਘ ਨਗਰ ਤੋਂ ਤਰਸੇਮ ਲਾਲ ਡਿਪਟੀ ਸਮੂਹ ਸਿੱਖਿਆ ਤੇ ਸੂਚਨਾ ਅਫ਼ਸਰ ਵੱਲੋਂ ਆਏਂ ਹੋਏ ਸਰਪੰਚਾ ਤੇ ਪੰਚਾਂ ਨੂੰ ਸਿਹਤ ਪ੍ਰੋਗਰਾਮਾਂ ਤੇ ਐਨ. ਸੀ. ਡੀ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ। ਇਸ ਮੌਕੇ ਤਰਸੇਮ ਲਾਲ ਨੇ ਨੈਸ਼ਨਲ ਵਾਇਰਲ ਹੈਪੇਟਾਈਟਸ ਕੰਟਰੋਲ ਪ੍ਰੋਗਰਾਮ, ਹਫ਼ਤਾਵਾਰੀ ਆਇਰਨ ਅਤੇ ਫੋਲਿਕ ਐਸਿਡ ਸਪਲੀਮੈਂਟ ਪ੍ਰੋਗਰਾਮ, ਜਨਨੀ ਸ਼ਿਸ਼ੂ ਸੁਰੱਖਿਆ ਕਾਰੀਆਕਰਮ, ਐਮਰਜੈਂਸੀ ਰਿਸਪਾਂਸ ਸਰਵਿਸ, 108 ਟੋਲ ਫਰੀ ਮੈਡੀਕਲ ਹੈਲਪ ਲਾਈਨ ਨੰਬਰ 104, ਮੋਬਾਈਲ ਮੈਡੀਕਲ ਯੂਨਿਟ, ਰਾਸ਼ਟਰੀ ਬਾਲ ਸਵੱਸਥ ਕਾਰੀਆਕਰਮ ਅਧੀਨ ਬੱਚਿਆਂ ਦਾ ਮੁਫ਼ਤ ਇਲਾਜ, ਡੇਂਗੂ, ਚਿਕਨਗੁਨੀਆ, ਮਲੇਰੀਆ ਦਾ ਇਲਾਜ ਮੁਫ਼ਤ,ਕੋਰਨੀਅਲ ਅੰਨ੍ਹਾਪਣ ਮੁਕਤ ਪੰਜਾਬ, ਆਯੂਰਵੈਦਾ ਪੰਜਾਬ, ਮੁਫ਼ਤ ਟੀਕਾਕਰਨ, ਬੇਟੀ ਬਚਾਓ, ਬੇਟੀ ਪੜ੍ਹਾਓ, ਨੈਸ਼ਨਲ ਟੀਬੀ ਕੰਟਰੋਲ ਪ੍ਰੋਗਰਾਮ, ਪੰਜਾਬ ਸਟੇਟ ਏਡਜ਼ ਕੰਟਰੋਲ ਸੁਸਾਇਟੀ ਤੇ ਹੋਰ ਪ੍ਰੋਗਰਾਮਾਂ ਤੇ ਐਨ. ਸੀ. ਡੀ ਤਹਿਤ ਵਿਸਥਾਰਪੂਰਵਕ ਸਿਹਤ ਸਿੱਖਿਆ ਦਿੱਤੀ।

ਇਸ ਮੌਕੇ ਸਿਖਿਆ ਵਿਭਾਗ ਵੱਲੋਂ ਆਏ ਹੋਏ ਪ੍ਰਤੀਨਿਧੀ ਵੱਲੋਂ ਸਰਕਾਰੀ ਸਮਾਰਟ ਸਕੂਲਾ ਸਬੰਧੀ ਜਾਣਕਾਰੀ ਦਿੱਤੀ ਗਈ।



# ਆਪਣੇ ਨਵੇਂ ਟ੍ਰੈਕ ਸ਼ੁਕਰਾਨਾ ' ਨਾਲ ਹਾਜ਼ਰ ਹੋਇਆ ਗਾਇਕ ਗੁਰਮਿੰਦਰ ਗੋਲਡੀ




**ਵੈਨਕੂਵਰ ( ਕੁਲਦੀਪ ਚੁੰਬਰ )** - ਪ੍ਰਸਿੱਧ ਗਾਇਕ ਗੁਰਮਿੰਦਰ ਗੋਲਡੀ ਦੀ ਦਮਦਾਰ ਆਵਾਜ਼ ਵਿੱਚ ਨਵਾਂ ਟ੍ਰੈਕ "ਸ਼ੁਕਰਾਨਾ" ਚੇਤ ਦੇ ਚਾਲੇ ਨੂੰ ਸਮਰਪਿਤ ਸਿੱਧ ਜੋਗੀ ਬਾਬਾ ਬਾਲਕ ਨਾਥ ਜੀ ਦੀ ਮਹਿਮਾ ਗਾਈ ਹੈ। ਜਿਸ ਨੂੰ ਜਸਬੀਰ ਦੋਲੀਕੇ ਤੇ ਗੋਲਡ ਰਕਾਟ ਮਿਊਜਕ ਕੰਪਨੀ ਵਲੋਂ ਬੜੇ ਫ਼ਖਰ ਨਾਲ ਸਰੋਤਿਆਂ ਦੀ ਕਚਿਹਰੀ ਵਿੱਚ ਪੇਸ਼ ਕੀਤਾ ਹੈ। ਇਸ ਟ੍ਰੈਕ ਦਾ ਮਿਊਜਕ ਅਮਨ ਸਟ੍ਰਿੰਗ ਵਲੋਂ ਬੜੀ ਮੇਹਨਤ ਨਾਲ ਤਿਆਰ ਕੀਤਾ ਗਿਆ ਹੈ । ਇਸ ਗੀਤ ਨੂੰ ਪ੍ਰਸਿੱਧ ਗੀਤਕਾਰ ਜ਼ੋਰਾ ਢੱਕੋਵਾਲ ਵਲੋਂ ਤੇਰਾ ਲੱਖ ਵਾਰੀ ਕਰਾਂ ਸ਼ੁਕਰਾਨਾ ਮੈਂ ਰਤਨੋ ਦੇ ਲਾਡਲਿਆਂ ਮੇਹਨਤ ਨਾਲ ਲਿਖਿਆ ਗਿਆ ਹੈ । ਇਸ ਟ੍ਰੈਕ ਦਾ ਵੀਡੀਉ ਅਮਨ ਸਟ੍ਰਿੰਗ ਜੀ ਵਲੋਂ ਵੱਖ ਵੱਖ ਲੋਕੇਸਨਾਂ ਤੇ ਸ਼ੂਟ ਕੀਤਾ ਤੇ ਵੀਡੀਉ ਨੂੰ ਤਿਆਰ ਕੀਤਾ ਗਿਆ ਹੈ । ਜਿਸ ਗੋਲਡ ਰਕਾਟ ਮਿਊਜਕ ਕੰਪਨੀ ਵਲੋਂ ਬੜੇ ਪੱਧਰ ਤੇ ਰਿਲੀਜ਼ ਕੀਤਾ ਗਿਆ। ਜਿਸ ਯੂਟਿਊਬ ਸੋਸ਼ਲ ਮੀਡੀਆ ਦੀਆਂ ਵੱਖ ਵੱਖ ਸਾਈਟਾਂ ਤੇ ਪਾਇਆ ਗਿਆ ਹੈ। ਇਸ ਪ੍ਰੋਜੈਕਟ ਵਿੱਚ ਸਪੈਸ਼ਲ ਧੰਨਵਾਦ ਹਰੀ ਦੱਤ ਸ਼ਰਮਾ ਜੀ, ਕੁਲਵੀਰ ਸਿੰਘ ਛਾਜਲੀ ਤੇ ਜਸਬੀਰ ਦੋਲੀਕੇ ਦਾ ਕੀਤਾ ਹੈ । ਇਸ ਟ੍ਰੈਕ ਨੂੰ ਕੰਪਨੀ ਤੇ ਗਾਇਕ, ਗੀਤਕਾਰ ਸਭ ਨੂੰ ਸਰੋਤਿਆਂ ਤੇ ਆਸਾਂ ਹਨ ਜੋ ਸ਼ੁਕਰਾਨਾ ਭੇਂਟ ਨੂੰ ਵੱਧ ਤੋਂ ਵੱਧ ਸੁਣਨ ਲਾਈਕ ਤੇ ਕੰਮੇਟਾਂ ਰਾਹੀਂ ਯੋਗਦਾਨ ਪਾਉਣਗੇ ।

# ਕਿਸਾਨ ਜਥੇਬੰਦੀਆਂ ਵਲੋਂ ਡਿਪਟੀ ਸਪੀਕਰ ਪੰਜਾਬ ਦੇ ਦਫਤਰ ਅੱਗੇ ਧਰਨਾ ਲੱਗ ਕੇ ਕੀਤੀ ਨਾਅਰੇਬਾਜੀ



ਗੜ੍ਹਸ਼ੰਕਰ ਚ ਡਿਪਟੀ ਸਪੀਕਰ ਦੇ ਦਫਤਰ ਅੱਗੇ ਧਰਨੇ ਦੀ ਤਸਵੀਰ

**ਗੜ੍ਹਸ਼ੰਕਰ (ਬਲਵੀਰ ਚੋਪੜਾ )** ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਤੇ ਅੱਜ ਇੱਥੇ ਕੁੱਲ ਹਿੰਦ ਕਿਸਾਨ ਸਭਾ, ਕਿਰਤੀ ਕਿਸਾਨ ਯੂਨੀਅਨ,ਜਮਹੂਰੀ ਕਿਸਾਨ ਸਭਾ ਆਦਿ ਕਿਸਾਨ ਜਥੇਬੰਦੀਆਂ ਵਲੋਂ ਹਲਕਾ ਵਿਧਾਇਕ ਜੈ ਕ੍ਰਿਸ਼ਨ ਸਿੰਘ ਰੌੜੀ ਡਿਪਟੀ ਸਪੀਕਰ ਪੰਜਾਬ ਦੇ ਦਫਤਰ ਅੱਗੇ ਧਰਨਾ ਦਿੱਤਾ ਗਿਆ ਅਤੇ ਪੰਜਾਬ ਸਰਕਾਰ ਕੇਂਦਰ ਸਰਕਾਰ ਵਿਰੁੱਧ ਜੰਮਕੇ ਨਾਅਰੇਬਾਜੀ ਕੀਤੀ।ਇਸ ਮੌਕੇ ਸੰਬੋਧਨ ਕਰਦਿਆਂ ਕਾਮਰੇਡ ਗੁਰਨੇਕ ਸਿੰਘ ਭੱਜਲ,ਦਰਸ਼ਨ ਸਿੰਘ ਮੱਟੂ, ਹਰਮੇਸ਼ ਢੇਸੀ, ਕੁਲਵਿੰਦਰ ਚਾਹਲ, ਚੌਧਰੀ ਅੱਛਰ ਸਿੰਘ, ਬੀਬੀ ਸੁਭਾਸ਼ ਮੱਟੂ, ਅਸ਼ੋਕ ਕੁਮਾਰ, ਕੁਲਭੂਸ਼ਨ ਕੁਮਾਰ, ਮਹਿੰਦਰ ਕੁਮਾਰ ਬੱਢੋਆਣ ਆਦਿ ਬੁਲਾਰਿਆਂ ਕਿਹਾ ਕਿ ਕੇਂਦਰ ਅਤੇ ਪੰਜਾਬ ਸਰਕਾਰ ਹੱਕ ਮੰਗਦੇ ਕਿਸਾਨਾ ਨੂੰ ਦਬਾਉਣਾ ਚਾਹੁੰਦੀਆਂ ਹਨ ਜੋ ਕਿ ਕਿਸੇ ਵੀ ਕੀਮਤ ਤੇ ਸਹਿਨ ਨਹੀਂ ਕੀਤਾ ਜਾਵੇਗਾ।ਸਮੂਹ ਬੁਲਾਰਿਆਂ ਕਿਹਾ ਕਿ ਬੀਤੀ ਤਿੰਨ ਮਾਰਚ ਨੂੰ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਨੇ ਕਿਸਾਨ ਆਗੂਆਂ ਨਾਲ ਵਤੀਰਾ ਠੀਕ ਨਹੀਂ ਕੀਤਾ।ਕਿਸਾਨ ਆਗੂਆਂ ਨੇ ਪੰਜ ਮਾਰਚ ਨੂੰ ਕਿਸਾਨਾ ਦੀਆਂ ਗ੍ਰਿਫਤਾਰੀਆਂ ਦੀ ਜੰਮਕੇ ਨਿਖੇਧੀ ਕੀਤੀ।ਮੰਗ ਕੀਤੀ ਕਿ ਸਰਕਾਰ ਕੀਤੇ ਵਾਅਦਿਆਂ ਅਨੁਸਾਰ ਕਿਸਾਨੀ ਮੰਗਾਂ ਨੂੰ ਲਾਗੂ ਕਰੇ।ਇਸ ਮੌਕੇ ਅਮਰਜੀਤ ਸਿੰਘ,ਪ੍ਰੋ ਕੁਲਵੰਤ ਸਿੰਘ,ਸ਼ਾਮ ਸੁੰਦਰ ਕਪੂਰ,ਮਾ ਬਲਵੰਤ ਸਿੰਘ,ਸੁਰਿੰਦਰ ਚੁੰਬਰ ਆਦਿ ਆਗੂ ਹਾਜਰ ਸਨ।

# ਸਿੱਖ ਕੌਮ ਲਈ ਅਕਾਲ ਤਖਤ ਸਾਹਿਬ ਮਹਾਨ ਹੈ ਅਤੇ ਸਿੱਖ ਕੌਮ ਦੀ ਸ਼ਾਨ ਹੈ : ਕੁਲਵਿੰਦਰ ਸਿੰਘ ਜੰਡਾ



**ਹੁਸ਼ਿਆਰਪੁਰ (ਤਰਸੇਮ ਦੀਵਾਨਾ )** ਸਿੱਖ ਕੌਮ ਦੀ ਸਿਰਮੌਰ ਸੰਸਥਾ ਸ੍ਰੀ ਅਕਾਲ ਤਖਤ ਸਾਹਿਬ ਜੀ ਦੇ ਜਥੇਦਾਰ ਅਤੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਜੀ ਦੇ ਜਥੇਦਾਰਾ ਨੂੰ ਇਸ ਤਰ੍ਹਾਂ ਅਹੁਦੇ ਤੋਂ ਹਟਾਉਣਾ ਸਿੱਖ ਇਤਿਹਾਸ ਵਿੱਚ ਕਾਲੇ ਦਿਨ ਵਜੋਂ ਦਰਜ ਹੋ ਗਿਆ ਹੈ। ਸਿੱਖ ਕੌਮ ਦੇ ਇਤਿਹਾਸ ਵਿੱਚ ਇਸ ਤਰ੍ਹਾਂ ਕਦੇ ਵੀ ਨਹੀਂ ਹੋਇਆ ਕਿ ਇੱਕ ਧਿਰ ਨੂੰ ਫਾਇਦਾ ਪਹੁੰਚਾਉਣ ਲਈ ਕਿਸੇ ਨੇ ਸ੍ਰੀ ਅਕਾਲ ਤਖਤ ਸਾਹਿਬ ਜੀ ਦੇ ਜਥੇਦਾਰ ਨੂੰ ਹੀ ਉਸ ਦੇ ਅਹੁਦੇ ਤੋਂ ਲਾਂਭੇ ਕਰ ਦਿੱਤਾ ਹੋਵੇ ਇਹ ਸਿੱਖ ਕੌਮ ਦੇ ਮੱਥੇ ਤੇ ਕਲੰਕ ਲਾਉਣ ਦੇ ਬਰਾਬਰ ਹੈ ! ਇਹ ਵਿਚਾਰ ਹੁਸ਼ਿਆਰਪੁਰ ਤੋਂ ਬੁੱਧੀਜੀਵੀ ਸ਼ਖਸ਼ੀਅਤ ਅਤੇ "ਸੱਭਿਆਚਾਰ ਸੰਭਾਲ ਸੋਸਾਇਟੀ" ਦੇ ਪ੍ਰਧਾਨ ਕੁਲਵਿੰਦਰ ਸਿੰਘ ਜੰਡਾ ਨੇ ਸਾਡੇ ਪੱਤਰਕਾਰ ਨਾਲ ਇੱਕ ਪ੍ਰੈਸ ਵਾਰਤਾ ਦੌਰਾਨ ਸਾਂਝੇ ਕੀਤੇ ! ਉਹਨਾਂ ਕਿਹਾ ਕਿ ਜਦੋਂ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਸਿੱਖ ਇਤਿਹਾਸ ਨੂੰ ਪੜ੍ਹਨਗੀਆਂ ਤਾਂ ਉਹਦੇ ਵਿੱਚ ਇਹ ਦਰਜ ਹੋਵ-ਗਾ ਕਿ ਬਾਦਲਕਿਆਂ ਨੇ ਆਪਣੇ ਪਰਿਵਾਰ ਦੇ ਆਪਣੀ ਪ੍ਰਧਾਨਗੀ ਨੂੰ ਬਚਾਉਣ ਦੇ ਲਈ ਕਿਸ ਤਰ੍ਹਾਂ ਸਿੱਖ ਕੌਮ ਦੀ ਸਰਬਉਚ ਸੰਸਥਾ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਬਦਲੇ ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਕਿਸ ਤਰ੍ਹਾਂ ਲਿਫਾਫਿਆਂ ਦੇ ਵਿੱਚੋਂ ਨਿਕਲਦੇ ਰਹੇ ਜੇਕਰ ਕਿਸੇ ਪ੍ਰਧਾਨ ਨੇ ਕਦੇ ਜਾਣੇ ਅਣਜਾਣੇ ਦੇ ਵਿੱਚ ਸਿੱਖ ਕੌਮ ਦੇ ਹਿੱਤ ਵਿੱਚ ਫੈਸਲਾ ਲਿਆ ਤਾਂ ਉਸ ਨੂੰ ਕਿਸ ਤਰ੍ਹਾਂ ਲਾਂਭੇ ਕਰ ਦਿੱਤਾ ਗਿਆ। ਸਿੱਖ ਕੌਮ ਲਈ ਅਕਾਲ ਤਖਤ ਸਾਹਿਬ ਮਹਾਨ ਹੈ ਸਿੱਖ ਕੌਮ ਦੀ ਸ਼ਾਨ ਹੈ। ਇਸ ਸ਼ਾਨ ਨੂੰ ਇਸ ਵਕਤ ਕਿਸ ਤਰ੍ਹਾਂ ਮਿੱਟੀ ਵਿੱਚ ਮਿਲਾਇਆ ਗਿਆ ਇਸ ਦੀ ਇਸ ਤੋਂ ਜਿਆਦਾ ਵੱਡੀ ਉਦਾਹਰਨ ਕੋਈ ਨਹੀਂ ਹੋ ਸਕਦੀ ਕਿ ਬਾਦਲ ਪਰਿਵਾਰ ਨੇ ਆਪਣੀ ਪ੍ਰਧਾਨਗੀ ਨੂੰ ਬਚਾਉਣ ਦੇ ਲਈ ਕਿਸ ਤਰ੍ਹਾਂ ਸ਼੍ਰੋਮਣੀ ਕਮੇਟੀ ਤੋਂ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਹਟਾ ਦਿੱਤਾ ਗਿਆ । ਇਥੇ ਇਹ ਵੀ ਵਰਨਣ ਯੋਗ ਹੈ ਕਿ ਜੋ ਨਵੇਂ ਜਥੇਦਾਰ ਲਗਾਏ ਗਏ ਹਨ ਉਹ ਹਮੇਸ਼ਾ ਹੀ ਬਾਦਲ ਪਰਿਵਾਰ ਦੇ ਵਿਰੋਧੀ ਰਹੇ ਹਨ ਤੇ ਹੁਣ ਉਹਨਾਂ ਨੂੰ ਕਿਸ ਤਰ੍ਹਾਂ ਆਪਣੇ ਹੱਕ ਵਿੱਚ ਭੁਗਤਾਉਣਗੇ ਜਾਂ ਉਹ ਜਥੇਦਾਰ ਜੋ ਪਹਿਲਾਂ ਬਾਦਲਕਿਆਂ ਦੇ ਖਿਲਾਫ ਬੋਲਦੇ ਰਹੇ ਸਨ।ਹੁਣ ਕਿਸ ਤਰ੍ਹਾਂ ਉਹ ਬਾਦਲਾਂ ਦੀ ਪੁਸਤ ਪਨਾਹੀ ਕਰਨਗੇ ਕਿਸ ਤਰ੍ਹਾਂ ਉਹਨਾਂ ਨੂੰ ਬਚਾਉਣ ਲਈ ਯਤਨ ਕਰਨਗੇ ਕਿਸ ਤਰ੍ਹਾਂ ਉਹਨਾਂ ਦੇ ਹੱਕ ਵਿੱਚ ਬੋਲਣ-ਗੇ ! ਉਹਨਾਂ ਕਿਹਾ ਕਿ ਮੈ ਨਵੇਂ ਲਗਾਏ ਗਏ ਜਥੇਦਾਰਾਂ ਨੂੰ ਮੁਬਾਰਕਬਾਦ ਦਿੰਦਾ ਹਾਂ ਅਤੇ ਆਸ ਕਰਦਾ ਹਾਂ ਕਿ ਨਵੇਂ ਲਗਾਏ ਗਏ ਜਥੇਦਾਰ ਹਮੇਸ਼ਾ ਹੀ ਸਿੱਖ ਕੌਮ ਤੇ ਪੰਥ ਦੀ ਚੜ੍ਹਦੀ ਕਲਾ ਲਈ ਕੰਮ ਕਰਨਗੇ।

# ਪੰਜਾਬੀ ਸਾਹਿਤ ਸਭਾ ਦੇ ਸਾਲਾਨਾ ਸਮਾਗਮ ਮੌਕੇ ਡਾਕਟਰ ਜਸਪਾਲ ਜੀਤ, ਮਿੰਟੂ ਮੁਕਤਸਰ, ਇਕਬਾਲ ਘਾਰੂ ਅਤੇ ਦਿਲਪ੍ਰੀਤ ਕੌਰ ਗੁਰੀ ਸਨਮਾਨਿਤ

## 'ਕਾਵਿ ਸੰਵਾਦ' ਅਤੇ' ਮੰਨ ਚਾਹੇ ਨਾ ਮੰਨ 'ਕਾਵਿ ਪੁਸਤਕਾਂ ਲੋਕ ਅਰਪਣ











**ਸ੍ਰੀ ਮੁਕਤਸਰ ਸਾਹਿਬ(ਰਮੇਸ਼ਵਰ ਸਿੰਘ)-** ਪੰਜਾਬੀ ਮਾਂ ਬੋਲੀ ਦੀ ਸੇਵਾ ਅਤੇ ਆਪਣੀਆਂ ਸਾਹਿਤਕ ਸਰਗਰਮੀਆਂ ਨੂੰ ਅੱਗੇ ਤੋਰਦੇ ਹੋਏ ਪੰਜਾਬੀ ਸਾਹਿਤ ਸਭਾ ( ਰਜਿ) ਸ੍ਰੀ ਮੁਕਤਸਰ ਸਾਹਿਬ ਵੱਲੋਂ ਸਥਾਨਕ ਜੰਗ ਸਿੰਘ ਭਵਨ ਵਿਖੇ ਸਾਲਾਨਾ ਸਾਹਿਤਕ ਸਮਾਗਮ ਕਰਵਾਇਆ ਗਿਆ ਜਿਸ ਵਿਚ ਪੰਜਾਬ ਅਤੇ ਹਰਿਆਣਾ ਤੋਂ ਵੱਡੀ ਗਿਣਤੀ 'ਚ ਸਾਹਿਤਕਾਰਾਂ ਨੇ ਸ਼ਿਰਕਤ ਕੀਤੀ। ਸਮਾਗਮ ਦੌਰਾਨ ਪੰਜਾਬੀ ਦੇ ਨਾਮਵਰ ਸਾਹਿਤਕਾਰਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ ਜਿਨ੍ਹਾਂ 'ਚ ਪੰਜਾਬੀ ਦੇ ਪ੍ਰਸਿੱਧ ਕਵੀ ਅਤੇ ਆਲੋਚਕ ਡਾਕਟਰ ਜਸਪਾਲ ਜੀਤ ਨੂੰ ਬੋਹੜ ਸਿੰਘ ਮੱਲਣ ਯਾਦਗਾਰੀ ਪੁਰਸਕਾਰ , ਨਾਵਲਕਾਰਾ ਅਤੇ ਗੀਤਕਾਰਾ ਦਿਲਪ੍ਰੀਤ ਕੌਰ ਗੁਰੀ ਨੂੰ ਫੁਲੇਲ ਸਿੰਘ ਫੁੱਲ ਯਾਦਗਾਰੀ ਪੁਰਸਕਾਰ, ਪੰਜਾਬੀ ਦੇ ਨਾਮੀ ਗੀਤਕਾਰ ਮਿੰਟੂ ਮੁਕਤਸਰ ਨੂੰ ਗੁਰਮੀਤ ਸਿੰਘ ਚਮਕ ਯਾਦਗਾਰੀ ਪੁਰਸਕਾਰ, ਅਤੇ ਇਕਬਾਲ ਘਾਰੂ ਨੂੰ ਲੋਕ ਕਵੀ ਮੋਦਨ ਸਿੰਘ ਲੋਹੀਆ ਯਾਦਗਾਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ।ਪ੍ਰੋਗਰਾਮ ਦੇ ਆਗਾਜ਼ ਚ ਸਭਾ ਦੀ ਪ੍ਰਚਾਰ ਸਕੱਤਰ ਸੰਤੋਸ਼ ਕੁਮਾਰੀ ਨੇ ਰਵਾਇਤੀ ਤੌਰ ਤੇ ਸਨਮਾਨਿਤ ਸ਼ਖਸ਼ੀਅਤਾਂ ਅਤੇ ਹਾਜ਼ਰ ਸਾਹਿਤਕਾਰਾਂ ਨੂੰ ਜੀ ਆਇਆਂ ਨੂੰ ਕਹਿਣ ਤੋਂ ਬਾਅਦ ਸਭਾ ਦੇ ਜਨਰਲ ਸਕੱਤਰ ਕੁਲਵੰਤ ਸਰੋਤਾ ਨੇ ਯਾਦਗਾਰੀ ਹਸਤੀਆਂ ਦੇ ਸਾਹਿਤਕ ਸਫ਼ਰ ਦੀ ਜਾਣਕਾਰੀ ਸਾਂਝੀ ਕੀਤੀ।ਇਸ ਮੌਕੇ ਤੇ ਡਾ: ਜਸਪਾਲ ਜੀਤ ਦਾ ਨਵ ਪ੍ਰਕਾਸ਼ਿਤ ਕਾਵਿ ਸੰਗ੍ਰਹਿ "ਕਾਵਿ ਸੰਵਾਦ" ਅਤੇ ਨੌਜਵਾਨ ਸ਼ਾਇਰ ਨਵ ਸੰਧੂ ਦਾ ਕਾਵਿ ਸੰਗ੍ਰਹਿ "ਮੰਨ ਚਾਹੇ ਨਾ ਮੰਨ" ਲੋਕ ਅਰਪਣ ਕੀਤੇ ਗਏ।ਚੋਣਵੇਂ ਕਵੀਆਂ ਵੱਲੋਂ ਕਵੀ ਦਰਬਾਰ ਵਿੱਚ ਆਪਣੀਆਂ ਆਪਣੀਆਂ ਰਚਨਾਵਾਂ ਦੀ ਪੇਸ਼ਕਾਰੀ ਕੀਤੀ ਗਈ। ਸਮਾਗਮ ਵਿੱਚ ਪਹੁੰਚਣ ਵਾਲੇ ਕਵੀਆਂ, ਲੇਖਕਾਂ ਵਿੱਚ ਸਭਾ ਦੇ ਸਰਪ੍ਰਸਤ ਚੌਧਰੀ ਅਮੀ ਚੰਦ, ਬਿੱਕਰ ਸਿੰਘ ਵਿਯੋਗੀ, ਰਾਜਵਿੰਦਰ ਰਾਜਾ, ਹਰਦੇਵ ਹਮਦਰਦ, ਸਾਹਿਤ ਸਭਾ ਦੇ ਪ੍ਰਧਾਨ ਬਲਦੇਵ ਇਕਵੰਨ, ਲਵਲੀ ਮਾਨ, ਗੁਰਦੇਵ ਸਿੰਘ ਘਾਰੂ, ਪੰਮਾ ਖੋਖਰ, ਸੁੱਖ ਸੰਧੂ, ਅਮੋਲਕ ਸਿੰਘ, ਗੁਰਪ੍ਰੀਤ ਸਿੰਘ ਮੱਲਣ, ਇਕਬਾਲ ਸਿੰਘ ਲੋਹੀਆ, ਪ੍ਰਿਤਪਾਲ ਮਲਕਾਣਾ, ਸ਼ਮਸ਼ੇਰ ਗ਼ਾਫ਼ਿਲ, ਸੋਨੂੰ ਸੰਧੂ, ਸੁਖਜਿੰਦਰ ਭੰਗਚੜ੍ਹੀ, ਚਮਕੌਰ ਥਾਂਦੇਵਾਲਾ, ਹਰਦਰਸ਼ਨ ਨੈਬੀ,ਹੀਰਾ ਲਾਲ,ਪਵਨ ਸ਼ਰਮਾ ਸੁੱਖਣਵਾਲਾ,ਰਾਮ ਸਿੰਘ ਪਾਠਕ,ਪ੍ਰਗਟ ਸਿੰਘ ਜੰਬਰ, ਸਰਪੰਚ ਗੁਰਪ੍ਰੀਤ ਸਿੰਘ ਖੋਖਰ, ਗੁਰਪ੍ਰੀਤ ਮਾਨ ਮੌੜ,ਸਾਹਿਤ ਮੰਚ ਗੁਰੂ ਹਰਸਹਾਏ ਦੇ ਪ੍ਰਧਾਨ ਕੁਲਵਿੰਦਰ ਬੀੜ, ਨਿਸ਼ਾਨ ਲਿਖਾਰੀ, ਸੁਖਪ੍ਰੀਤ ਸਿੰਘ,ਮਨਤਾਜ ਸਿੰਘ ਬਰਾੜ, ਗੁਰਮੀਤ ਰਾਜ ਥਿੰਦ, ਲਿਖਾਰੀ ਸਭਾ ਸਾਦਿਕ ਤੋਂ ਤੇਜਿੰਦਰ ਸਿੰਘ ਬਰਾੜ, ਸਰਬਜੀਤ ਧੀਰ, ਸੁਰਿੰਦਰ ਸ਼ਿੰਦਾ,ਸੋਨੀ ਮੋਗਾ, ਸ਼ਿੰਦਾ ਲਿਖਾਰੀ,ਰਾਜ ਅਰੋੜਾ ਜ਼ੀਰਾ, ਦਲਜੀਤ ਰਾਏ ਕਾਲੀਆ, ਵਤਨਵੀਰ ਜ਼ਖ਼ਮੀ, ਜਸਵੀਰ ਸਿੰਘ, ਰਿਪੁਦਮਨ ਸ਼ਰਮਾ, ਬਿੰਦਰ ਮਾਨ, ਪ੍ਰਵੀਨ ਸ਼ਰਮਾ ਐਲਨਾਬਾਦ, ਹਰਵਿੰਦਰ ਸਿੰਘ ਚਮਕ ਬਰੀਵਾਲਾ,ਰਮਨ ਸਿੰਘ, ਸਰਬਜੀਤ ਸਿੰਘ, ਮੈਡਮ ਪ੍ਰਭਜੋਤ ਕੌਰ, ਸਤੀਸ਼ ਧਵਨ ਭਲੂਰ, ਧਰਮ ਪ੍ਰਵਾਨਾ, ਸ਼ਿਵ ਨਾਥ ਦਰਦੀ, ਜਸਵਿੰਦਰ ਜੱਸ, ਅਸ਼ੀਸ਼ ਭੱਟੀ, ਹਰਦੀਪ ਸ਼ਿਰਾਜੀ, ਰਾਕੇਸ਼ ਕੁਮਾਰ ਬਰੀਵਾਲਾ,ਚੰਦਰ ਸ਼ੇਖਰ ਕੌਸ਼ਿਕ, ਰਮਨਦੀਪ ਕੌਰ ਆਦਿ ਹਾਜ਼ਰ ਸਨ। ਇਸ ਮੌਕੇ ਹਰਮੀਤ ਦੂਹੇਵਾਲਾ ਵੱਲੋਂ ਅਲੋਪ ਹੋ ਚੁੱਕੀਆਂ ਪੁਰਾਤਨ ਪੰਜਾਬੀ ਵਸਤੂਆਂ ਦੀ ਪ੍ਰਦਰਸ਼ਨੀ ਲਗਾਈ ਗਈ। ਆਖੀਰ ਵਿੱਚ ਸਭਾ ਦੇ ਮੁੱਖ ਸਰਪ੍ਰਸਤ ਗੁਰਾਂਦਿੱਤਾ ਸਿੰਘ ਸੰਧੂ ਵੱਲੋਂ ਸਮਾਗਮ ਵਿੱਚ ਸ਼ਾਮਲ ਸਾਰੇ ਲੇਖਕਾਂ ਦਾ ਧੰਨਵਾਦ ਕੀਤਾ ਗਿਆ। ਮੰਚ ਸੰਚਾਲਨ ਦੀ ਜ਼ਿੰਮੇਵਾਰੀ ਕੁਲਵੰਤ ਸਰੋਤਾ ਵੱਲੋਂ ਬਾਖੂਬੀ ਨਿਭਾਈ ਗਈ।

## ਪਿੰਡ ਮੰਹਨਹਾਣਾ ਵਿਖੇ 37 ਵਾਂ ਖੂਨ ਦਾਨ ਕੈਂਪ ਗਰੀਬ ਦਾ ਮੂੰਹ, ਗੁਰੂ ਦੀ ਗੋਲਕ ਸੰਸਥਾ ਅਜਨੋਹਾ ਵੱਲੋਂ 37ਵਾਂ ਵਿਸ਼ਾਲ ਖੂਨਦਾਨ ਕੈਂਪ 14 ਮਾਰਚ ਨੂੰ

**ਗੜ੍ਹਸ਼ੰਕਰ ( ਚਰਨਜੀਤ ਸੱਲ੍ਹਾ)** ਜਥੇਦਾਰ ਅਕਾਲੀ ਬਾਬਾ ਫੂਲਾ ਸਿੰਘ ਜੀ, ਸਿੰਘ ਸਾਹਿਬ ਗਿਆਨੀ ਗੁਰਦਿਆਲ ਸਿੰਘ ਜੀ ਅਜਨੋਹਾ ਦਾ ਜੱਦੀ ਪਿੰਡ ਅਜਨੋਹਾ ਇਹਨਾਂ ਮਹਾਂਪੁਰਖਾਂ ਦੇ ਇਲਾਕੇ ਵਿੱਚ ਸਿਰਮੌਰ ਸੰਸਥਾ ਗਰੀਬ ਦਾ ਮੂੰਹ, ਗੁਰੂ ਦੀ ਗੋਲਕ ਸੰਸਥਾ ਰਜਿ ਅਜਨੋਹਾ ਪਿਛਲੇ ਕਈ ਸਾਲਾਂ ਤੋਂ ਲੋਕ ਭਲਾਈ ਦੇ ਕਾਰਜ ਕਰ ਰਹੀ ਹੈ। ਸੰਸਥਾ ਵਲੋਂ ਧੰਨ ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਜੀ ਅਪਾਰ ਮਿਹਰ ਸਦਕਾ ਇਲਾਕਾ ਨਿਵਾਸੀ ਅਤੇ ਐਨ ਆਰ ਆਈ ਸੰਗਤਾਂ ਦੇ ਸਹਿਯੋਗ ਨਾਲ ਗੁਰੂ ਨਾਨਕ ਚੈਰੀਟੇਬਲ ਡਿਸਪੈਂਸਰੀ ਅਤੇ ਲੈਬੋਰਟਰੀ ਪਿੰਡ ਨਰੂੜ ਵਿਖੇ ਚਲਾਈ ਜਾ ਰਹੀ ਹੈ। ਡਿਸਪੈਂਸਰੀ ਅਤੇ ਲੈਬੋਰਟਰੀ ਦੇ ਸਹਿਯੋਗ ਨਾਲ "ਗਰੀਬ ਦਾ ਮੂੰਹ,ਗੁਰੂ ਦੀ ਗੋਲਕ" ਸੰਸਥਾ (ਰਜਿ.)



ਅਜਨੋਹਾ ਵਲੋਂ 37 ਵਾਂ ਖੂਨਦਾਨ ਕੈਂਪ ਮਿਤੀ 14 ਮਾਰਚ 2025 ਦਿਨ ਸ਼ੁੱਕਰਵਾਰ ਨੂੰ ਸਵੇਰੇ 10 ਤੋਂ 3 ਵਜੇ ਤੱਕ ਗੁਰਦੁਆਰਾ ਹਰੀਸਰ ਸਾਹਿਬ ਪਿੰਡ ਮੰਨਣਹਾਨਾ ਵਿਖੇ ਪ੍ਰਬੰਧਕ ਕਮੇਟੀ ਦੀ ਦੇਖ ਰੇਖ ਹੇਠ ਲਗਾਇਆ ਜਾ ਰਿਹਾ ਹੈ । ਬਲੱਡ ਟੀਮ ਆਿ ਬਲੱਡ ਬੈਂਕ ਹੁਸ਼ਿਆਰਪੁਰ । ਇਲਾਕਾ ਨਿਵਾਸੀ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਕੈਂਪ ਵਿੱਚ ਆ ਕੇ ਖੂਨ ਦਾਨ ਕਰਕੇ ਆਪਣਾ ਜੀਵਨ ਸਫਲ ਕਰੋ ਜੀ। ਖੂਨ ਦਾਨ ਮਹਾ ਦਾਨ। ਇਸ ਮੌਕੇ ਹਾਜ਼ਰ ਭਾਈ ਹਰਵਿੰਦਰ ਸਿੰਘ ਖਾਲਸਾ ਅਜਨੋਹਾ, ਡਿਸਪੈਂਸਰੀ ਅਤੇ ਲੈਬੋਰਟਰੀ ਇੰਨਚਾਰਜ ਜਤਿੰਦਰ ਸਿੰਘ ਰਾਣਾ ਖਾਲਸਾ ਮੁੱਖਲਿਆਣਾ, ਡਾ. ਤਰਸੇਮ ਸਿੰਘ, ਲੰਬਰਦਾਰ ਪਰਮਜੀਤ ਸਿੰਘ ਜਲਵੇਹੜਾ, ਬਰਿੰਦਰ ਸਿੰਘ ਬਿੰਦਰ ਪੰਜੋੜਾ, ਸੁਖਵਿੰਦਰ ਸਿੰਘ ਖਾਲਸਾ ਅਜਨੋਹਾ, ਬਲਜੀਤ ਸਿੰਘ ਬਿੱਲਾ ਅਜਨੋਹਾ, ਹਰਮਨ ਸਿੰਘ ਖਾਲਸਾ ਨਡਾਲੋਂ ਅਤੇ ਮਨਪ੍ਰੀਤ ਸਿੰਘ ਅਜਨੋਹਾ ਆਦਿ ਹਾਜ਼ਰ ਸਨ।

# ਇਲਾਕੇ ਦੇ ਹਰਮਨ ਪਿਆਰੇ ਆਗੂ ਤੇ ਨਿਧੜਕ ਪੱਤਰਕਾਰ ਹਰਮੇਸ਼ ਵਿਰਦੀ ਨਹੀਂ ਰਹੇ

## ● ਬਸਪਾ ਦੇ ਵੀ ਬਹੁਤ ਮਿਸ਼ਨਰੀ ਆਗੂ ਸਨ ਇਸ ਮੌਕੇ ਤੇ ਐਡਵੋਕੇਟ ਅਵਤਾਰ ਸਿੰਘ ਕਰੀਮਪੁਰੀ ਪਹੁੰਚੇ ਹੋਏ ਸਨ

## ● ਪਿੰਡ ਪੱਦੀ ਮੱਟਵਾਲੀ ਵਿਖੇ ਹੋਇਆ ਅੰਤਿਮ ਸਸਕਾਰ, ਲੋਕਾਂ ਦਾ ਉਮੜਿਆ ਭਾਰੀ ਇਕੱਠ

**ਬੰਗਾ (ਚਰਨਜੀਤ ਸੱਲ੍ਹਾ):-** ਪੰਜਾਬ- ਚੰਡੀਗੜ੍ਹ ਜਰਨਲਿਸਟ ਯੂਨੀਅਨ ਪੰਜਾਬ ਦੇ ਉੱਪ ਪ੍ਰਧਾਨ ਅਤੇ ਬਸਪਾ ਦੇ ਹਰਮਨ ਪਿਆਰੇ ਆਗੂ ਹਰਮੇਸ਼ ਵਿਰਦੀ ਸਾਬਕਾ ਚੇਅਰਮੈਨ ਬਲਾਕ ਸੰਮਤੀ ਬੰਗਾ ਇਸ ਫਾਨੀ ਦੁਨੀਆਂ ਨੂੰ ਸਦਾ ਲਈ ਅਲਵਿਦਾ ਕਹਿ ਗਏ ਹਨ। ਬੀਤੇ 15 ਦਿਨ ਉਹ ਬਿਮਾਰ ਚਲ ਰਹੇ ਸਨ। ਉਨ੍ਹਾਂ ਦੀ ਵਿਗੜਦੀ ਹਾਲਤ ਨੂੰ ਦੇਖਦੇ ਹੋਏ ਉਹਨਾਂ ਨੂੰ ਡੀਐਮਸੀ ਲੁਧਿਆਣਾ ਵਿਖੇ ਦਾਖਲ ਕਰਵਾਇਆ ਗਿਆ ਸੀ। ਜਿੱਥੇ ਉਹਨਾਂ ਨੇ ਆਖਰੀ ਸਾਹ ਲਿਆ। ਅੱਜ ਉਹਨਾਂ ਦੇ ਜੱਦੀ ਪਿੰਡ ਪੱਦੀ ਮਠਵਾਲੀ ਦੇ ਸ਼ਮਸਾਨ ਘਾਟ ਵਿੱਚ ਉਹਨਾਂ ਦਾ ਅੰਤਮ ਸਸਕਾਰ ਕਰ ਦਿੱਤਾ ਗਿਆ। ਉਹਨਾਂ ਦੀ ਚਿਖਾ ਨੂੰ ਉਹਨਾਂ ਦੇ ਤਿੰਨ ਪੁੱਤਰ ਸਪੁੱਤਰਾਂ ਪੰਕਜ ਵਿਰਦੀ, ਵਿਸ਼ਾਲ ਵਿਰਦੀ ਅਤੇ ਹਰਸ਼ ਵਿਰਦੀ ਨੇ ਸਾਂਝੇ ਤੌਰ ਤੇ ਅਗਨੀ ਦਿਖਾਈ। ਇਸ ਮੌਕੇ ਰਾਜਨੀਤਿਕ, ਸਮਾਜਿਕ ਸੱਭਿਆਚਾਰਕ ਅਤੇ ਧਾਰਮਿਕ



ਖੇਤਰ ਦੀਆਂ ਪ੍ਰਮੁੱਖ ਸ਼ਖਸੀਅਤਾਂ ਪੁੱਜੀਆਂ ਜਿਸ ਵਿਚ ਬਹੁਜਨ ਸਮਾਜ ਪਾਰਟੀ ਪ੍ਰਦੇਸ਼ ਪ੍ਰਧਾਨ ਅਵਤਾਰ ਸਿੰਘ ਕਰੀਮਪੁਰੀ, ਸਾਬਕਾ ਵਿਧਾਇਕ ਤਰਲੋਚਨ ਸਿੰਘ ਸੂੰਢ, ਬਸਪਾ ਆਗੂ ਪ੍ਰਵੀਨ ਬੰਗਾ, ਆਪ ਦੇ ਹਲਕਾ ਇੰਚਾਰਜ ਕੁਲਜੀਤ ਸਿੰਘ ਸਰਹਾਲ, ਪ੍ਰਦੇਸ਼ ਜਨਰਲ ਸਕੱਤਰ ਇਸਤਰੀ ਵਿੰਗ ਹਰਜੋਤ ਕੌਰ ਲੋਹਟੀਆ, ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ ਗੁਰੂ ਨਾਨਕ ਮਿਸ਼ਨ ਐਜੂਕੇਸ਼ਨ ਟਰੱਸਟ ਢਾਹਾਂ ਕਲੇਰਾਂ ਪ੍ਰਸਿੱਧ ਸਮਾਜ ਸੇਵਕ ਬਾਬਾ ਦਵਿੰਦਰ ਕੌੜਾ, ਜਗਜੀਤ ਸਿੰਘ ਸੋਢੀ, ਕੌਂਸਲਰ ਜਸਵਿੰਦਰ ਸਿੰਘ ਮਾਨ, ਕੌਂਸਲਰ ਜੀਤ ਸਿੰਘ ਭਾਟੀਆ, ਸਰਪੰਚ ਨਛੱਤਰ ਕੌਰ, ਹਰਬੰਸ ਲਾਲ ਪੂੰਨੀਆ, ਦਰਬਾਰਾ ਸਿੰਘ ਪਰਹਾਰ, ਡਾ ਕਸ਼ਮੀਰ ਚੰਦ, ਡਾ ਅਮਰੀਕ ਸਿੰਘ, ਡਾ ਸੁੱਖਵਿੰਦਰ ਹੀਰਾ, ਦਾਰਾ ਸਿੰਘ ਮੱਲ, ਡਾ ਨਿਰੰਜਨ ਪਾਲ ਹੀਓ




ਰਿਟਾਇਰਡ ਐਸਐਮਓ, ਪੰਕਜ ਲੋਹਟੀਆ, ਡਾ ਬਖਸ਼ੀਸ਼ ਸਿੰਘ, ਇੰਦਰਜੀਤ ਅਟਾਰੀ, ਏਐਸਆਈ ਅਵਤਾਰ ਵਿਰਦੀ, ਹਰਬੰਸ ਵਿਰਦੀ, ਹਰਦੇਵ ਸਿੰਘ ਆਸੀ ਡੀਪੀਆਰ ਓ ਨਵਾਂ ਸ਼ਹਿਰ, ਪੰਜਾਬ- ਚੰਡੀਗੜ੍ਹ ਜਰਨਲਿਸਟ ਯੂਨੀਅਨ ਦੇ ਪ੍ਰਦੇਸ਼ ਪ੍ਰਧਾਨ ਬਲਵੀਰ ਸਿੰਘ ਜੰਡੂ, ਕਾਰਜਕਾਰੀ ਪ੍ਰਧਾਨ ਜੈ ਸਿੰਘ ਛਿੱਬਰ, ਕਾਰਜਕਾਰੀ ਮੈਂਬਰ ਬਲਵਿੰਦਰ ਸਿਪਰੇ, ਪ੍ਰਦੇਸ਼ ਕਾਰਜਕਾਰੀ ਮੈਂਬਰ ਨਵਕਾਂਤ ਭਰੋਮਜਾਰਾ, ਜ਼ਿਲ੍ਹਾ ਪ੍ਰਧਾਨ ਜਸਵੀਰ ਸਿੰਘ ਨੂਰਪੁਰ, ਸੁਰਿੰਦਰ ਕਰਮ ਲਧਾਣਾ, ਬੰਗਾ ਪ੍ਰਧਾਨ ਸੰਜੀਵ ਭਨੋਟ, ਮਨੀਸ਼ ਚੁਘ, ਨਰਿੰਦਰ ਮਾਹੀ, ਹਰਜਿੰਦਰ ਜੰਡਾਲੀ, ਪ੍ਰਵੀਰ ਅੱਬੀ, ਕੁਲਦੀਪ ਸਿੰਘ ਪਾਬਲਾ, ਮਨਜਿੰਦਰ ਸਿੰਘ, ਚਮਨ ਲਾਲ, ਬਲਵਿੰਦਰ ਝਿੰਗੜ, ਤੀਰਥ ਸਿੰਘ, ਨੰਬਰਦਾਰ ਹੰਸ ਰਾਜ, ਹਰਮੇਸ਼ ਚੱਕ ਕਲਾਲ, ਪਰਮਜੀਤ ਮਹਿਰਮਪੁਰ, ਮਨੋਹਰ ਬਹਿਰਾਮ, ਰਵਿੰਦਰ ਮਹਿਮੀ,ਵਿਜੇ ਮਜਾਰੀ, ਚਰਨਜੀਤ ਸੱਲਾਂ, ਵਿਪਿਨ ਕੁਮਾਰ, ਜਸਪਾਲ ਲਧਾਣਾ, ਉਹਨਾਂ ਦੇ ਪਰਿਵਾਰਕ ਮੈਂਬਰਾਂ ਵਿੱਚ ਮਾਤਾ ਗੁਰੋ, ਉਹਨਾਂ ਦੀ ਧਰਮ ਪਤਨੀ ਪ੍ਰਵੀਨ ਵਿਰਦੀ ਅਤੇ ਵੱਡੀ ਗਿਣਤੀ ਵਿੱਚ ਮਿੱਤਰ ਰਿਸ਼ਤੇਦਾਰ ਅਤੇ ਪਿੰਡ ਦੇ ਲੋਕ ਹਾਜਰ ਸਨ।

# ਪੰਜਾਬ ਅਤੇ ਚੰਡੀਗੜ੍ਹ ਜਰਨਲਿਸਟ ਯੂਨੀਅਨ ਵੱਲੋਂ ਉਤਰ ਪ੍ਰਦੇਸ਼ ਦੇ ਨੌਜਵਾਨ ਪੱਤਰਕਾਰ ਦੇ ਕਤਲ ਦੀ ਜ਼ੋਰਦਾਰ ਨਿੰਦਾ

## ਪੱਤਰਕਾਰ ਹਰਮੇਸ਼ ਵਿਰਦੀ ਦੀ ਬੇਵਕਤ ਮੌਤ 'ਤੇ ਦੁੱਖ ਪ੍ਰਗਟਾਇਆ

**ਰਾਏਕੋਟ, (ਚਰਨਜੀਤ ਸੱਲ੍ਹਾ )** ਇੰਡੀਅਨ ਜਰਨਲਿਸਟ ਯੂਨੀਅਨ ਦੇ ਕੌਮੀ ਸਕੱਤਰ ਜਨਰਲ ਬਲਵਿੰਦਰ ਜੰਮੂ, ਪੰਜਾਬ ਅਤੇ ਚੰਡੀਗੜ੍ਹ ਜਰਨਲਿਸਟ ਯੂਨੀਅਨ ਦੇ ਸੂਬਾਈ ਪ੍ਰਧਾਨ ਬਲਵੀਰ ਜੰਡੂ ਅਤੇ ਸੂਬਾਈ ਜਥੇਬੰਦਕ ਸਕੱਤਰ ਸੰਤੋਖ ਗਿੱਲ ਨੇ ਉਤਰ ਪ੍ਰਦੇਸ਼ ਦੇ ਸੀਤਾਪੁਰ ਜ਼ਿਲ੍ਹੇ ਦੇ ਕਸਬਾ ਮਹੋਲੀ ਤੋਂ ਹਿੰਦੀ ਅਖ਼ਬਾਰ ਦੇ ਨਾਮਵਰ ਪੱਤਰਕਾਰ ਰਘਵੇਂਦਰ ਵਾਜਪਾਈ (35) ਨੂੰ ਮੋਟਰਸਾਈਕਲ ਸਵਾਰ ਗੁੰਡਿਆਂ ਵੱਲੋਂ ਗੋਲੀਆਂ ਮਾਰ ਕੇ ਕਤਲ ਕਰ ਦੇਣ ਦੀ ਜ਼ੋਰਦ-ਾਰ ਨਿੰਦਾ ਕੀਤੀ ਹੈ। ਆਗੂਆਂ ਨੇ ਕਿਹਾ ਕਿ ਉਤਰ ਪ੍ਰਦੇਸ਼ ਵਿੱਚ ਪੱਤਰਕਾਰਾਂ ਨੂੰ ਬੇਹੱਦ ਜੋਖ਼ਮ ਭਰੇ ਹਾਲਾਤ ਵਿੱਚ ਕੰਮ ਕਰਨਾ ਪੈਂਦਾ ਹੈ। ਸੀਤਾਪੁਰ ਜ਼ਿਲ੍ਹੇ ਦੀ ਪੁਲੀਸ ਅਨੁਸਾਰ ਜ਼ਮੀਨੀ ਝਗੜੇ ਕਾਰਨ ਇਹ ਕਤਲ ਹੋਇਆ ਹੈ। ਜਦਕਿ ਪੱਤਰਕਾਰ ਦੇ ਪਰਿਵਾਰਕ ਮੈਂਬਰਾਂ ਅਨੁਸਾਰ ਰਘਵੇਂਦਰ ਵਾਜਪਾਈ ਨੇ ਪਿਛਲੇ ਸਮੇਂ ਝੋਨੇ ਦੀ ਖ਼ਰੀਦ ਵਿੱਚ ਘਪਲੇਬਾਜ਼ੀ ਅਤੇ ਜ਼ਮੀਨੀ ਖ਼ਰੀਦ-ਫ਼ਰੋਖ਼ਤ



ਵਿੱਚ ਟੈਕਸੀ ਚੋਰੀ ਦਾ ਪਰਦਾਫਾਸ਼ ਕੀਤਾ ਸੀ ਅਤੇ ਉਸ ਨੂੰ ਲਗਾਤਾਰ ਧਮਕੀਆਂ ਮਿਲ ਰਹੀਆਂ ਸਨ। ਉਨ੍ਹਾਂ ਦੋਸ਼ ਲਾਇਆ ਕਿ ਨਤੀਜੇ ਵਜੋਂ ਉਸ ਨੂੰ ਜਾਨ ਤੋਂ ਹੱਥ ਧੋਣੇ ਪਏ ਹਨ। ਯੂਨੀਅਨ ਆਗੂਆਂ ਨੇ ਕਾਤਲਾਂ ਦੀ ਫ਼ੌਰੀ ਗ੍ਰਿਫ਼ਤਾਰੀ ਅਤੇ ਮ੍ਰਿਤਕ ਪੱਤਰਕਾਰ ਦੇ ਪਰਿਵਾਰ ਨੂੰ ਉਨ੍ਹਾਂ ਦੀ ਮੰਗ ਅਨੁਸਾਰ ਮੁਆਵਜ਼ਾ ਦੇਣ ਦੀ ਮੰਗ ਕੀਤੀ ਹੈ।ਯੂਨੀਅਨ ਆਗੂਆਂ ਨੇ ਜਥੇਬੰਦੀ ਦੇ ਦੁਆਬਾ ਖੇਤਰ ਦੇ ਸਿਖਰਲੇ ਆਗੂ ਅਤੇ ਸੂਬਾਈ ਮੀਤ ਪ੍ਰਧਾਨ ਹਰਮੇਸ਼ ਵਿਰਦੀ ਦੀ ਬੇਵਕਤ ਮੌਤ ਉਪਰ ਡੂੰਘਾ ਦੁੱਖ ਪ੍ਰਗਟ ਕੀਤਾ ਹੈ। ਉਨ੍ਹਾਂ ਦੱਸਿਆ ਕਿ ਪਿਛਲੇ ਦਿਨੀਂ ਹਰਮੇਸ਼ ਵਿਰਦੀ ਨੂੰ ਪਿਆ ਦਿਲ ਦਾ ਦੌਰਾ ਜਾਨਲੇਵਾ ਸਾਬਤ ਹੋਇਆ। ਸਾਥੀ ਹਰਮੇਸ਼ ਵਿਰਦੀ ਪੱਤਰਕਾਰਾਂ ਦੀਆਂ ਸਮੱਸਿਆਵਾਂ ਲਈ ਲੜਾਈ ਵਿੱਚ ਮੋਹਰੀ ਆਗੂ ਵਜੋਂ ਭੂਮਿਕਾ ਨਿਭਾ ਰਹੇ ਸਨ ਅਤੇ ਇਲਾਕੇ ਦੇ ਨਾਮਵਰ ਪੱਤਰਕਾਰ ਸਨ। ਉਨ੍ਹਾਂ ਪੱਤਰਕਾਰ ਹਰਮੇਸ਼ ਵਿਰਦੀ ਦੇ ਪਰਿਵਾਰ ਅਤੇ ਉਸ ਦੇ ਦੋਸਤਾਂ ਮਿੱਤਰਾਂ ਨਾਲ ਦੁੱਖ ਵਿੱਚ ਸ਼ਰੀਕ ਹੁੰਦੇ ਹੋਏ ਹਮਦਰਦੀ ਪ੍ਰਗਟ ਕੀਤੀ ਹੈ।

# ਵਿਦੇਸ਼ਾਂ ਦੀ ਧਰਤੀ ਤੇ ਸਾਹਿਬੇ ਕਮਾਲ ਗੁਰੂ ਰਵਿਦਾਸ ਮਹਾਰਾਜ ਜੀ ਦਾ ਜਨਮ ਦਿਹਾੜਾ ਮਨਾਇਆ ਗਿਆ





**ਬੰਗਾ (ਚਰਨਜੀਤ ਸੱਲ੍ਹਾ )** ਗਰੀਬਾਂ ਦੇ ਹਮਦਰਦ, ,ਸਮੁੱਚੀ ਮਾਨਵਤਾ ਦੇ ਮਸੀਹਾ, ਸਾਹਿਬ ਏ ਕਮਾਲ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ 648ਵਾਂ ਗੁਰਪੁਰਬ ਜਿੱਥੇ ਸਮੁੱਚੇ ਸੰਸਾਰ ਭਰ ਚ ਮਨਾਇਆ ਜਾ ਰਿਹਾ ਹੈ , ਉੱਥੇ ਹੀ ਅੱਜ ਸੰਤਾ ਬਤੋਰੀਆ ਵਿਖੇ ਸ੍ਰੀ ਗੁਰੂ ਰਵਿਦਾਸ ਟੈਂਪਲ ਰੀਜੋਮਿਲੀਆ ਵੱਲੋਂ ਬੜੀ ਸ਼ਰਧਾ ਤੇ ਭਾਰੀ ਉਤਸ਼ਾਹ ਦੇ ਨਾਲ ਮਨਾਇਆ ਗਿਆ। ਸੰਗਤਾਂ ਦੇ ਵਿੱਚ ਇਸ ਇਸ ਸਮਾਗਮ ਪ੍ਰਤੀ ਭਾਰੀ ਸ਼ਾਹ ਵੇਖਣ ਨੂੰ ਮਿਲਿਆ ਕਿਉਂਕਿ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਮਿਸ਼ਨ ਦਾ ਝੰਡਾ ਬਰਦਾਰ ਕਰਨ ਲਈ ਜਿੱਥੇ ਇਟਲੀ ਦੇ ਪ੍ਰਸਿੱਧ ਕੀਰਤਨੀ ਜੀਵਨ ਸਿੰਘ ਮਾਨ ਸੰਗਤਾਂ ਨੂੰ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਬਾਣੀ ਦੀ ਵਿਆਖਿਆ ਅਤੇ ਰਸ ਭਿੰਨਾ ਕੀਰਤਨ ਨਾਲ ਜੋੜਿਆ। ਭਾਰਤ ਤੋਂ ਉਚੇਚੇ ਤੌਰ ਤੇ ਪਹੁੰਚੇ ਮਿਸ਼ਨਰੀ ਗਾਇਕ ਵਿੱਕੀ ਬਹਾਦਰਕੇ ਨੇ ਆਪਣੇ ਕ੍ਰਾਂਤੀਕਾਰੀ ਗੀਤਾ ਰਾਹੀਂ ਸੰਗਤਾਂ ਵਿੱਚ ਨਿਵੇਕਲਾ ਉਤਸਾਹ ਪੈਦਾ ਕੀਤਾ ।ਇਹਨਾਂ ਤੋਂ ਇਲਾਵਾ ਕਮੇਟੀ ਮੈਂਬਰ ਅਤੇ ਗਾਇਕ ਜੀਵਨ ਬੰਗਾ, ਕੁਮਾਰ ਇਟਲੀ ਅਤੇ ਸੋਡੀ ਮੱਲ ਨੇ ਵੀ ਆਪੋ ਆਪਣੇ ਸ਼ਬਦਾਂ ਦੇ ਨਾਲ ਹਾਜਰੀ ਲਗਵਾਈ ।ਕਮੇਟੀ ਵੱਲੋਂ ਜਿੱਥੇ ਆਈਆਂ ਸ਼ਖਸ਼ੀਅਤਾਂ ਦਾ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ ਗਿਆ ਉੱਥੇ ਹੀ ਇਟਲੀ ਵਿੱਚ ਪਾਰਮਾਂ ਯੂਨੀਵਰਸਿਟੀ ਵੱਲੋਂ ਡਾਕਟਰ ਦੀ ਉਪਾਧੀ ਦੇ ਨਾਲ ਸਨਮਾਨਤ ਨਵਦੀਪ ਸਿੰਘ ਜਗਤਪੁਰ ਦਾ ਵੀ ਵਿਸ਼ੇਸ਼ ਤੌਰ ਤੇ ਸਿੱਖਿਆ ਦੇ ਖੇਤਰ ਵਿੱਚ ਕੀਤੀਆਂ ਪ੍ਰਾਪਤੀਆਂ ਨੂੰ ਮੁੱਖ ਰੱਖਦਿਆਂ ਸਨਮਾਨਿਤ ਕੀਤਾ ਗਿਆ। ਇਸ ਮੌਕੇ ਤੇ ਗਾਇਕ ਸੋਢੀ ਮੱਲ ਨੇ ਕਿਹਾ ਕਿ ਡਾਕਟਰ ਨਵਦੀਪ ਸਿੰਘ ਜਗਤਪੁਰ ਨੂੰ ਸਨਮਾਨਿਤ ਕਰਨ ਦਾ ਪ੍ਰਬੰਧਕ ਕਮੇਟੀ ਦਾ ਮੁੱਖ ਮਕਸਦ ਇਟਲੀ ਵਿੱਚ ਪੜ ਰਹੇ ਬੱਚਿਆਂ ਨੂੰ ਸਿੱਖਿਆ ਪ੍ਰਤੀ ਉਤਸ਼ਾਹਿਤ ਕਰਨਾ ਹੈ । ਉਹਨਾਂ ਕਿਹਾ ਕਿ ਕਿਸੇ ਵੀ ਖੇਤਰ ਦੇ ਵਿੱਚ ਕਾਮਯਾਬ ਹੋਣ ਲਈ ਪੜ੍ਹਾਈ ਬਹੁਤ ਜਰੂਰੀ ਹੈ ਇਕ ਪੜਿਆ ਲਿਖਿਆ ਵਿਅਕਤੀ ਹੀ ਹਰ ਖੇਤਰ ਵਿੱਚ ਕਾਮਯਾਬੀ ਦੀਆਂ ਮੰਜ਼ਿਲਾਂ ਸਰ ਕਰ ਸਕਦਾ ਹੈ। ਗਾਇਕ ਸੋਢੀ ਮੱਲ ਨੇ ਕਿਹਾ ਕਿ ਬਾਬਾ ਸਾਹਿਬ ਦਾ ਜੋ ਸੰਦੇਸ਼ ਸੀ ਪੜੋ ਜੁੜੋ ਅਤੇ ਸੰਘਰਸ਼ ਕਰੋ ਉਸ ਤੇ ਅੱਜ ਪਹਿਰਾ ਦੇਣ ਦੀ ਲੋੜ ਹੈ। ਕਮੇਟੀ ਪ੍ਰਧਾਨ ਸ਼ਿੰਗਾਰਾ ਸਿੰਘ ਮੱਲ ਨੇ ਕਿਹਾ ਕਿ ਉਹ ਜਲਦੀ ਹੀ ਰਿਜੋਮਿਲੀਆ ਵਿੱਚ ਗੁਰੂ ਘਰ ਦੀ ਵੈਲਡਿੰਗ ਖਰੀਦ ਕੇ ਸੰਗਤਾਂ ਦੇ ਰੂਬਰੂ ਕਰਨਗੇ ਉਹਨਾਂ ਸੰਗਤਾਂ ਨੂੰ ਅਪੀਲ ਕੀਤੀ ਕਿ ਇਸ ਕਾਰਜ ਵਿੱਚ ਵੱਧ ਚੜ ਕੇ ਹਿੱਸਾ ਪਾਉਣ ।

# ਬਹੁਜਨ ਸਮਾਜ ਪਾਰਟੀ ਜਿਲ੍ਹਾ ਅੰਮ੍ਰਿਤਸਰ ਦੀ ਮੀਟਿੰਗ ਸਰਦਾਰ ਵੱਸਣ ਸਿੰਘ ਦੀ ਪ੍ਰਧਾਨਗੀ ਹੇਠ ਸ੍ਰੀ ਗੁਰੂ ਰਵਿਦਾਸ ਧਰਮਸ਼ਾਲਾ ਅੰਦਰੂਨ ਗੇਟ ਖ਼ਜ਼ਾਨਾ ਵਿਖੇ ਹੋਈ







**ਅੰਮ੍ਰਿਤਸਰ( ਚਰਨਜੀਤ ਸੱਲ੍ਹਾ )** 15 ਮਾਰਚ 2025 ਨੂੰ ਸਾਹਿਬ ਸ੍ਰੀ ਕਾਂਸ਼ੀਰਾਮ ਸੰਸਥਾਪਕ ਬਹੁਜਨ ਸਮਾਜ ਪਾਰਟੀ ਜੀ ਦਾ ਜਨਮਦਿਨ ਦਾਣਾ ਮੰਡੀ ਫਗਵਾੜਾ ਵਿੱਖੇ ਪੰਜ਼ਾਬ ਸੰਭਾਲੋ ਰੈਲੀ ਨੂੰ ਸਫ਼ਲ ਬਣਾਉਣ ਲਈ ਸਮੂਹ ਵਰਕਰਾ ਦੀ ਡਿਊਟੀਆਂ ਲਗਾਈਆਂ ਗਈਆਂ। ਜਿਸ ਵਿੱਚ ਮੁੱਖ ਮਹਿਮਾਨ ਵਜੋਂ ਪਹੁੰਚੇ ਚੋਧਰੀ ਗੁਰਨਾਮ ਸਿੰਘ ਸੂਬਾ ਜਨਰਲ ਸਕੱਤਰ ਬਸਪਾ ਪੰਜ਼ਾਬ ਅਤੇ ਵਿਸ਼ੇਸ਼ ਮਹਿਮਾਨ ਸ੍ਰੀ ਤਾਰਾ ਚੰਦ ਭਗਤ ਸਕੱਤਰ ਪੰਜਾਬ ਬਸਪਾ, ਸ੍ਰੀ ਬਲਵੰਤ ਕੇਹਰਾ ਸਕੱਤਰ ਪੰਜਾਬ ਬਸਪਾ, ਸਰਦਾਰ ਸੁਰਜੀਤ ਸਿੰਘ ਭੈਲ ਜੌਨ ਇੰਚਾਰਜ, ਸ੍ਰੀ ਜਗਦੀਸ਼ ਦੁੱਗਲ ਜਿਲ੍ਹਾ ਇੰਚਾਰਜ, ਸਰਦਾਰ ਗੁਰਬਖਸ਼ ਮਹੇ ਜਿਲ੍ਹਾ ਇੰਚਾਰਜ, ਸਰਦਾਰ ਨੱਥਾ ਸਿੰਘ ਜਿਲ੍ਹਾ ਪ੍ਰਧਾਨ ਸ਼ਹਿਰੀ,ਸਰਦਾਰ ਸੁਰਜੀਤ ਸਿੰਘ ਅਬਦਾਲ ਜਿਲ੍ਹਾ ਪ੍ਰਧਾਨ ਦੇਹਾਤੀ, ਸਰਦਾਰ ਰੱਤਨ ਸਿੰਘ ਸੀਨਿਅਰ ਆਗੂ, ਸਰਦਾਰ ਬਲਦੇਵ ਸਿੰਘ ਸੀਨਿਅਰ ਆਗੂ,ਦੀਪਕ ਕੁਮਾਰ ਜਿਲ੍ਹਾ ਜਨਰਲ ਸਕੱਤਰ, ਸੁੱਖਦੇਵ ਸਿੰਘ ਰਾਜੋਕੇ ਸਕੱਤਰ, ਲਲਿਤ ਗੌਤਮ ਸਕੱਤਰ, ਜਗਤਾਰ ਭੀਮ ਸਕੱਤਰ, ਹਰਪਿੰਦਰ ਸਿੰਘ ਖਜਾਨਚੀ, ਬਖ਼ਸ਼ਿਸ਼ ਸਿੰਘ ਆਰਗਨਿਜਰ ਸਕੱਤਰ, ਅਸ਼ਵਨੀ ਸਿਰਜਣ ਪ੍ਰਧਾਨ ਪੂਰਬੀ, ਦੇਸ਼ਰਾਜ ਪ੍ਰਧਾਨ ਦੱਖਣੀ, ਬਲਦੇਵ ਸਿੰਘ ਪ੍ਰਧਾਨ ਪੱਛਮੀ, ਮੈਡਮ ਪਿੰਕੀ ਪ੍ਰਧਾਨ ਮਹਿਲਾ ਵਿੰਗ,
ਮੁਕੇਸ਼ ਕੁਮਾਰ, ਦਿਨੇਸ਼ ਮੱਟੂ, ਰਾਜੇਸ਼ ਕੌਸ਼ਲ, ਬੂਟਾ ਸਿੰਘ, ਜਤਿੰਦਰ ਸਿੰਘ,ਜਗਤਾਰ ਸਿੰਘ, ਗੁਰਦੇਵ ਸਿੰਘ, ਬਿੱਟੂ ਮੁਲੇਚਕ ਹੋਰ ਵੀ ਵਰਕਰ ਹਾਜ਼ਿਰ ਸਨ।

# ਲੁਧਿਆਣਾ ਦੀਆਂ ਮਜਦੂਰ ਜੱਥੇਬੰਦੀਆਂ ਵੱਲੋਂ ਕੌਮਾਂਤਰੀ ਮਜਦੂਰ ਔਰਤ ਦਿਹਾੜਾ ਮਨਾਇਆ ਗਿਆ



**ਲੁਧਿਆਣਾ (ਸਤਨਾਮ ਸਿੰਘ ਸਹੂੰਗੜਾ)** ਲਧਿਆਣਾ ਦੀਆਂ ਮਜਦੂਰ ਜੱਥੇਬੰਦੀਆਂ ਕਾਰਖਾਨਾ ਮਜਦੂਰ ਯੂਨੀਅਨ ਅਤੇ ਟੈਕਸਟਾਇਲ-ਹੌਜਰੀ ਕਾਮਗਾਰ ਯੂਨੀਅਨ ਵੱਲੋਂ ਕੌਮਾਂਤਰੀ ਮਜਦੂਰ ਔਰਤ ਦਿਹਾੜੇ ਮੌਕੇ ਔਰਤਾਂ ਦੀ ਵਿਚਾਰ ਚਰਚਾ ਕੀਤੀ ਗਈ। ਇਸ ਮੀਟਿੰਗ ਵਿੱਚ ਔਰਤਾਂ ਨੇ ਵੱਡੀ ਗਿਣਤੀ ਵਿੱਚ ਹਿੱਸਾ ਲਿਆ। ਵਿਚਾਰ ਚਰਚਾ ਦੀ ਸ਼ੁਰੂਆਤ ਜੋਸ਼ੀਲੇ ਨਾਅਰਿਆਂ ਨਾ.ਲ ਕੀਤੀ ਗਈ। ਇਸ ਵਿਚਾਰ ਚਰਚਾ ਦੇ ਮੁੱਖ ਬੁਲਾਰੇ ਵਜੋਂ ਰਵਿੰਦਰ ਕੌਰ ਨੇ ਆਪਣੀ ਗੱਲ ਰੱਖੀ। ਉਹਨਾਂ ਨੇ ਦੱਸਿਆ ਕਿ ਕੌਮਾਂਤਰੀ ਮਜਦੂਰ ਔਰਤ ਦਿਹਾੜੇ ਦਾ ਇਤਿਹਾਸ ਸਾਨੂੰ ਹਰ ਜਬਰ ਜੁਲਮ ਦੇ ਖਿਲਾਫ ਸੰਘਰਸ਼ ਕਰਨ ਲਈ ਪ੍ਰੇਰਤ ਕਰਦਾ ਹੈ। ਕੌਮਾਂਤਰੀ ਮਜਦੂਰ ਔਰਤ ਦਿਹਾੜੇ ਦੇ ਇਤਿਹਾਸ 'ਤੇ ਗੱਲ ਕਰਨ ਤੋਂ ਬਾਅਦ ਅੱਜ ਦੇ ਸਮੇਂ ਔਰਤਾਂ ਨੂੰ ਆਉਣ ਵਾ.ਲੀਆਂ ਸਮੱਸਿਆਵਾਂ ਤੇ ਗੱਲ ਕੀਤੀ ਗਈ ਕਿ ਕਿਸ ਤਰ੍ਹਾਂ ਅੱਜ ਮਜਦੂਰ ਔਰਤਾਂ ਨੂੰ ਕਾਰਖਾਨਿਆਂ, ਘਰਾਂ ਆਦਿ ਅੰਦਰ ਲੁੱਟ ਸ਼ੋਸ਼ਣ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਹਨਾਂ ਨੂੰ ਮਰਦ ਮਜਦੂਰਾਂ ਦੇ ਮੁਕ-ਾਬਲੇ ਘੱਟ ਤਨਖਾਹ ਦਿੱਤੀ ਜਾਂਦੀ ਹੈ ਜਦਕਿ ਕੰਮ ਉਹਨਾਂ ਤੋਂ ਮਰਦਾਂ ਦੇ ਬਰਾਬਰ ਲਿਆ ਜਾਂਦਾ ਹੈ। ਇਸਤੋਂ ਬਿਨ੍ਹਾਂ ਕੰਮ ਦੀਆਂ ਥਾਵਾਂ ਤੇ ਕੰਮ ਦੇ ਘੰਟੇ ਜਿਆਦਾ ਹੋਣਾ, ਪਖਾਨਿਆਂ ਦਾ ਪ੍ਰਬੰਧ ਨਾ ਹੋਣਾ, ਛੇੜਛਾੜ ਆਦਿ ਵਰਗੀਆਂ ਸਮੱਸਿਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਅੱਜ ਜਰੂਰਤ ਹੈ ਕਿ ਕੌਮਾਂਤਰੀ ਮਜਦੂਰ ਔਰਤ ਦਿਹਾੜੇ ਮੌਕੇ ਇਸਤੋਂ ਪ੍ਰੇਰਣਾ ਲੈਂਦੇ ਹੋਏ ਸਾਰੀਆਂ ਮਜਦੂਰ ਔਰਤਾਂ ਨੂੰ ਜੱਥੇਬੰਦ ਹੋਣਾ ਦੀ ਲੋੜ ਹੈ ਅਤੇ ਜੱਥੇਬੰਦ ਹੋ ਕੇ ਇਹਨਾਂ ਸਮੱਸਿਆਵਾਂ ਨੂੰ ਖਤਮ ਕਰਨ ਲਈ ਸੰਘਰਸ਼ ਕਰਨ ਦੀ ਲੋੜ ਹੈ। ਵਿਚਾਰ ਚਰਚਾ ਵਿੱਚ ਨੌਜਵਾਨ ਭਾਰਤ ਸਭਾ ਵੱਲੋਂ ਮੌਸਮ ਅਤੇ ਦਿਸ਼ਾ ਨੇ ਇਨਕਲਾਬੀ ਗੀਤ ਪੇਸ਼ ਕੀਤੇ। ਹਿਨਾ ਨੇ ਕਵਿਤਾ ਪੇਸ਼ ਕੀਤੀ ਅਤੇ ਦਿਲਜੋਤ ਨੇ ਸਟੇਜ ਸੰਭਾਲੀ। ਇਸਤੋਂ ਬਿਨ੍ਹਾਂ ਟੀਨਾ, ਬਿੰਦਰਵਤੀ, ਬਿਮਲਾ, ਪ੍ਰੀਤੀ ਅਤੇ ਹੋਰ ਮਜਦੂਰ ਔਰਤਾਂ ਨੇ ਆਪਣੀ ਸਮੱਸਿਆਵਾਂ ਬਾਰੇ ਖੁੱਲ੍ਹ ਕੇ ਗੱਲ ਕੀਤੀ ਅਤੇ ਇਸ ਵਿਚਾਰ ਸਭਾ ਦਾ ਅੰਤ ਇਨਕਲਾਬੀ ਨਾਅਰਿਆਂ ਨਾ.ਲ ਕੀਤਾ ਗਿਆ।

# ਸਾਹਿਤ ਸਮਾਜ

12/03/2025

## ਅੰਗਰੇਜ਼ੀ ਇੰਨ ਪੰਜਾਬੀ (ਲੜੀਵਾਰ ਕਾਵਿ)

### (ਭਾਗ: ਸੱਤਵਾਂ)

ਹੈੱਲੋ ਭਾਵੇਂ ਹਾਏ ਹੈ, ਗਰਲ ਜਾਂ ਬੋਆਏ ਹੈ,
ਓਕੇ ਚਾਹੇ ਬਾਏ ਹੈ, ਪਾਰਟੀ ਜਾਂ ਇੰਨਜੋਆਏ ਹੈ,
ਟੈੱਡੀ ਹੈ ਜਾਂ ਟੋਆਏ ਹੈ, ਕੁੱਝ ਵੀ ਪੰਜਾਬੀ ਨ੍ਹੀ।

ਲਾਈਸੈਂਸ ਜਾਂ ਪ੍ਰਮੀਸ਼ਨ ਹੈ, ਕੇਸ ਜਾਂ ਪਟੀਸ਼ਨ ਹੈ,
ਪਲੇਸ ਜਾਂ ਪੁਜੀਸ਼ਨ ਹੈ, ਕਮੇਟੀ ਜਾਂ ਕਮੀਸ਼ਨ ਹੈ,
ਮਿਊਜ਼ਿਕ ਜਾਂ ਕੰਪੋਜੀਸ਼ਨ ਹੈ, ਕੁੱਝ ਵੀ ਪੰਜਾਬੀ ਨ੍ਹੀ।

ਵੈਕਿਊਮ ਜਾਂ ਸਪਰੇਅ ਹੈ, ਸੈਲਰੀ ਜਾਂ ਪੇਅ ਹੈ,
ਸਨੈਕਸ ਜਾਂ ਟਰੇਅ ਹੈ, ਪਓਜ਼ ਜਾਂ ਸਟੇਅ ਹੈ,
ਕੈਂਸਲ ਜਾਂ ਡਿਲੇਅ ਹੈ, ਕੁੱਝ ਵੀ ਪੰਜਾਬੀ ਨ੍ਹੀ।

ਰਿਕਾਰਡ ਭਾਵੇਂ ਡੱਬ ਹੈ, ਮਸਾਜ਼ ਜਾਂ ਸਕਰੱਬ ਹੈ,
ਸੁਸਾਇਟੀ ਜਾਂ ਕਲੱਬ ਹੈ, ਕੰਟੇਨਰ ਜਾਂ ਟੱਬ ਹੈ,
ਬਾਰ ਚਾਹੇ ਪੱਬ ਹੈ, ਕੁੱਝ ਵੀ ਪੰਜਾਬੀ ਨ੍ਹੀ।

ਐੱਮ.ਪੀ. ਹੈ ਜਾਂ ਪੀ.ਐੱਮ. ਹੈ, ਐੱਮ.ਐੱਲ.ਏ. ਜਾਂ ਸੀ.ਐੱਮ. ਹੈ,
ਐੱਮ.ਡੀ. ਚਾਹੇ ਜੀ.ਐੱਮ. ਹੈ, ਡੀ.ਸੀ. ਭਾਵੇਂ ਡੀ.ਐੱਮ. ਹੈ,
ਏ.ਐੱਮ. ਹੈ ਜਾਂ ਪੀ.ਐੱਮ. ਹੈ, ਕੁੱਝ ਵੀ ਪੰਜਾਬੀ ਨ੍ਹੀ।

ਹੋਟਲ ਜਾਂ ਕੰਟੀਨ ਹੈ, ਪੈਕਿੰਗ ਜਾਂ ਪੋਲੀਥੀਨ ਹੈ,
ਯੈਲੋਅ ਜਾਂ ਗ੍ਰੀਨ ਹੈ, ਸਿਸਟਮ ਜਾਂ ਮਸ਼ੀਨ ਹੈ,
ਪੋਲਿਸ਼ ਜਾਂ ਕਲੀਨ ਹੈ, ਕੁੱਝ ਵੀ ਪੰਜਾਬੀ ਨ੍ਹੀ।

ਫਿਲਟਰ ਜਾਂ ਕੀਪ ਹੈ, ਕੋਸਟਲੀ ਜਾਂ ਚੀਪ ਹੈ,
ਪਲਾਸਟਰ ਜਾਂ ਟੀਪ ਹੈ, ਬਾਟਮ ਜਾਂ ਡੀਪ ਹੈ,
ਬੈੱਲ ਭਾਵੇਂ ਬੀਪ ਹੈ, ਕੁੱਝ ਵੀ ਪੰਜਾਬੀ ਨ੍ਹੀ।

ਹੈਲਪ ਜਾਂ ਡੋਨੇਸ਼ਨ ਹੈ, ਲੈਟਰ ਜਾਂ ਐਪਲੀਕੇਸ਼ਨ ਹੈ,
ਫੈਕਟਰ ਜਾਂ ਸਿਚੂਏਸ਼ਨ ਹੈ, ਰੀਬਨ ਜਾਂ ਡੈਕੋਰੇਸ਼ਨ ਹੈ,
ਥਿੰਕਿੰਗ ਜਾਂ ਮੈਡੀਟੇਸ਼ਨ ਹੈ, ਕੁੱਝ ਵੀ ਪੰਜਾਬੀ ਨ੍ਹੀ।

ਡਾਈਨਿੰਗ ਹੈ ਜਾਂ ਟੇਬਲ ਹੈ, ਲੋਗੋ ਭਾਵੇਂ ਲੇਬਲ ਹੈ,
ਮੈਚ ਜਾਂ ਸੂਈਟੇਬਲ ਹੈ, ਡਿਸ਼ ਹੈ ਜਾਂ ਕੇਬਲ ਹੈ,
ਪੁਲਿਸ ਜਾਂ ਕਾਂਸਟੇਬਲ ਹੈ, ਕੁੱਝ ਵੀ ਪੰਜਾਬੀ ਨ੍ਹੀ।

ਸਿਟੀ ਹੈ ਜਾਂ ਟਾਊਨ ਹੈ, ਅੱਪ ਚਾਹੇ ਡਾਊਨ ਹੈ,
ਡਾਇਮੰਡ ਜਾਂ ਕਰਾਊਨ ਹੈ, ਫਰਾਕ ਹੈ ਜਾਂ ਗਾਊਨ ਹੈ,
ਵਾਈਟ ਜਾਂ ਬਰਾਊਨ ਹੈ, ਕੁੱਝ ਵੀ ਪੰਜਾਬੀ ਨ੍ਹੀ।

ਇਹ ਥੀਮ ਰੋਮੀਆਂ ਖਾਸ ਹੈ, ਘੜਾਮੇਂ ਕਿਉਂ ਉਦਾਸ ਹੈ ?,
ਪਿੱਛੇ ਇਹਦੇ ਇਤਿਹਾਸ ਹੈ, ਯੁੱਧ, ਹਮਲੇ ਤੇ ਪਰਵਾਸ ਹੈ,
ਭੂਗੋਲ ਦਾ ਵੀ ਵਾਸ ਹੈ, ਹੁਣ ਹੈਗੀ ਇਹ ਪੰਜਾਬੀ ਵੀ।



ਰੋਮੀ ਘੜਾਮਾਂ: 9855281105
(ਵਟਸਪ ਨੰ.)

## ਸੱਚੇ ਪਾਤਸ਼ਾਹ

ਸਾਰਾ ਜਗਤ, ਸਾਰੇ ਸਮੇਂ, ਤੇਰੇ ਹੀ ਬਣਾਏ ਹੋਏ ਹਨ। ਤੇਰੀਆਂ ਰਹਿਮਤਾਂ ਨਾਲ ਹੀ ਗੁਰੂ ਦੀ ਪ੍ਰਾਪਤੀ ਹੁੰਦੀ ਹੈ। ਜਿਸ ਤੇ ਤੇਰੀ ਮਿਹਰ ਹੋ ਜਾਵੇ, ਉਸਦੀ ਬਿਰਤੀ ਤੇਰੇ ਨਾਲ ਜੁੜ ਕੇ, ਸਦਾ ਰਹਿਣ ਵਾਲੇ ਤੇਰੇ ਨਾਮ ਨਾਲ ਜੁੜ ਜਾਂਦੀ ਹੈ। ਤੇਰੀ ਬਰਕਤ ਨਾਲ ਹੀ ਉਨ੍ਹਾਂ ਅੰਦਰ ਆਤਮਿਕ ਆਨੰਦ ਬਣਿਆ ਰਹਿੰਦਾ ਹੈ। ਉਹ ਲੋਕ ਹੀ ਦੁਨੀਆਂ ਵਿੱਚ ਕਾਮਯਾਬ ਹੁੰਦੇ ਹਨ,ਆਤਮਿਕ ਖੇੜਾ ਬਣਿਆ ਰਹਿੰਦਾ ਹੈ, ਜਦੋਂ ਮਨ ਅੰਦਰ ਸ਼ਬਦ ਗੁਰੂ ਦਾ ਵਾਸਾ ਹੋ ਜਾਵੇ।ਪ੍ਰਭੂ ਦੇ ਸਿਮਰਨ ਨਾਲ ਜਮ ਭੱਜ ਜਾਂਦੇ ਹਨ। ਜਿਹੜਾ ਬੰਦਾ ਦੁੱਖ ਨੂੰ ਦੁੱਖ ਨਹੀਂ ਮੰਨਦਾ, ਉਹੀ ਸੁਖ ਪਾ ਸਕਦਾ ਹੈ। ਦੁੱਖਾਂ ਨੇ ਰਹਿਣਾ ਹੀ ਰਹਿਣਾ ਹੈ, ਜਿਨ੍ਹਾਂ ਨੇ ਦੁੱਖ ਸਹਿਣ ਨਹੀਂ ਕੀਤੇ, ਸਿਮਰਨ ਦਾ ਕੀ ਫਾਇਦਾ। ਗੁਰੂ ਦੇ ਸ਼ਬਦ ਦੀ ਵਿਚਾਰ ਨਾਲ, ਮਨ ਵਿੱਚ ਵਸਾਉਣ ਨਾਲ ਹੀ, ਮਨ ਵਿੱਚ ਸਦਾ ਰਹਿਣ ਵਾਲਾ ਖੇੜਾ ਪ੍ਰਾਪਤ ਹੁੰਦਾ ਹੈ। ਮਨੁੱਖਾ ਜਨਮ ਪਾ ਕੇ, ਜਿਨਾਂ ਨੇ ਸੱਚੇ ਪਾਤਸ਼ਾਹ ਨੂੰ ਹਿਰਦੇ ਵਿੱਚ ਵਸਾ ਲਿਆ ਹੈ ਉਨ੍ਹਾਂ ਦੇ ਮਨ ਵਿੱਚ ਸੱਚ ਦਾ ਚਾਨਣ ਹੋ ਜਾਂਦਾ ਹੈ। ਚੌਰਾਸੀ ਲੱਖ ਜੂਨਾਂ ਦੇ ਚੱਕਰ ਵਿੱਚੋਂ ਨਿਕਲ ਜਾਂਦਾ ਹੈ। ਮੁੜ ਮੁੜ ਜੰਮਣ-ਮਰਨ ਦੇ ਚੱਕਰ ਦੀ ਖੁਆਰੀ ਖਤਮ ਹੋ ਜਾਂਦੀ ਹੈ। ਪ੍ਰਭੂ ਹੀ ਸਭ ਨੂੰ ਰੋਜੀ ਦੇਣ ਵਾਲਾ ਹੈ। ਜੋ ਉਸਦੀ ਉਸਤਤ ਕਰਦਾ ਹੈ, ਸਿਫਤ-ਸਾਲਾਹ ਕਰਦਾ ਹੈ, ਉਹ ਹੋਰ ਸਭ ਤੋਂ ਆਸਾਂ ਛੱਡ,ਸੱਚੇ ਪਾਤਸ਼ਾਹ ਤੇ ਹੀ ਟੇਕ ਰੱਖਦਾ ਹੈ। ਉਸ ਦੇ ਸਾਰੇ ਕੰਮ ਰਾਸ ਆ ਜਾਂਦੇ ਹਨ। ਜਿਹੜਾ ਗੁਰੂ, ਪ੍ਰਭੂ ਦੇ ਦਰਸ਼ਨ ਕਰਕੇ ਸਾਨੂੰ ਦਰਸ਼ਨ ਕਰਵਾਉਂਦਾ ਹੈ, ਉਸਦੇ ਸਦਕੇ ਜਾਂਦੇ ਹਾਂ। ਗੁਰੂ ਅਰਜਨ ਦੇਵ ਜੀ ਫਰਮਾਉਂਦੇ ਹਨ ਕਿ ਜੀਵ ਜਿਵੇਂ ਜਿਵੇਂ ਉਸ ਪ੍ਰਭੂ ਦੀ ਵਡਿਆਈ ਕਰਦਾ ਹੈ ਤੇ ਸ਼ਬਦ ਨਾਲ ਜੁੜਦਾ ਹੈ ਉਸ ਦੇ ਅੰਦਰ ਸ਼ਾਂਤੀ ਦਾ ਵਾਸਾ ਹੋ ਜਾਂਦਾ ਹੈ। ਉਸ ਵੱਡੇ ਦੀ ਵਡਿਆਈ ਵੀ ਵੱਡੀ ਹੈ। ਉਸ ਜੋ ਰਚਨਾ ਰਚੀ ਹੈ ਉਹ ਬੇਅੰਤ ਹੈ। ਸ਼ਬਦ ਦੇ ਰਾਹੀਂ ਹਿਰਦੇ ਦਾ ਕਮਲ ਖਿੜ ਜਾਵੇ ਤਾਂ ਭਗਤੀ ਦਾ ਖਜ਼ਾਨਾ ਮਿਲਦਾ ਹੈ। ਗੁਰੂ ਦੇ ਸ਼ਬਦ ਨਾਲ ਮਨ ਦੀ ਭਟਕਣਾ ਦੂਰ ਹੁੰਦੀ ਹੈ। ਮਨ ਜਾਗ ਪੈਂਦਾ ਹੈ, ਅਗਿਆਨ ਦਾ ਹਨੇਰਾ ਮੁੱਕ ਜਾਂਦਾ ਹੈ। ਜਿਸ ਜੀਵ ਨੂੰ ਪ੍ਰਭੂ ਦਾ ਪਿਆਰ ਮਿਲ ਜਾਵੇ ਉਸ ਦੀ ਆਤਮਾ ਨੂੰ ਸੋਹਣਾ ਰੂਪ ਚੜਦਾ ਹੈ। ਉਹ ਜੀਵ ਸਦਾ ਸਦਾ ਆਪਣੇ ਪ੍ਰਭੂ ਪ੍ਰਮੇਸ਼ਵਰ ਨੂੰ ਸਿਮ-ਰਦਾ ਹੈ।

ਤੀਸਰੇ ਗੁਰੂ ਅਮਰਦਾਸ ਜੀ ਸਾਨੂੰ ਬਸੰਤ ਰੁੱਤ ਦਾ ਉਪਦੇਸ਼ ਦਿੰਦੇ ਹੋਏ ਕਹਿੰਦੇ ਹਨ ਕਿ ਜਦੋਂ ਬਸੰਤ ਦਾ ਮੌਸਮ ਸ਼ੁਰੂ ਹੁੰਦਾ ਹੈ ਤਾਂ ਸਾਰੀ ਬਨਸਪਤੀ ਤੇ ਖੇੜਾ ਆ ਜਾਂਦਾ ਹੈ ਸਾਰੇ ਜੀਵ ਪ੍ਰਮਾਤਮਾਂ ਦੀ ਸ਼ਰਨ ਵਿੱਚ ਪੈ ਕੇ ਆਪਣੇ ਅੰਦਰੋਂ ਹਉਮੈ ਦਾ ਨਾਮ ਧੋ ਕੇ ਕੱਢ ਦਿੰਦਾ ਹੈ। ਗੁਰੂ ਦਾ ਸ਼ਬਦ ਸੁਣ ਕੇ ਪਿਆਰ ਵਿੱਚ ਮਗਨ ਹੋ ਕੇ ਆਤਮਿਕ ਜੀਵਨ ਨਾਲ ਹਰਿਆ ਭਰਿਆ ਹੋ ਜਾਂਦਾ ਹੈ ਜੀਵਨ ਦੇ ਰੁੱਖ ਨੂੰ ਆਤਮਿਕ ਗੁਣਾਂ ਦੇ ਫੁੱਲ-ਫਲ ਉਦੋਂ ਹੀ ਲੱਗਦੇ ਹਨ ਜਦੋਂ ਮਨੁੱਖ ਸਾਰੇ ਜਗਤ ਦੇ ਸਿਰਜਣ-ਹਾਰ ਨਾਲ ਜੁੜਦਾ ਹੈ। ਮੋਹ ਮਾਇਆ ਤੋਂ ਨਿਰਲੇਪ ਕਰਨ ਵਾਲੀ ਪ੍ਰਭੂ ਭਗਤੀ ਚੰਗੀ ਕਿਸਮਤ ਨਾਲ ਹੀ ਕਿਸੇ ਮਨੁੱਖ ਨੂੰ ਮਿਲਦੀ ਹੈ। ਪ੍ਰਮਾਤਮਾਂ ਦੇ ਨਾਮ ਦਾ ਪਿਆਰ ਮੇਰੇ ਹਿਰਦੇ ਵਿੱਚ ਖੇੜਾ ਲਿਆਉਂਦਾ ਹੈ। ਸੰਤ ਜਨਾਂ ਨਾਲ ਮੇਰਾ ਸਦਾ ਸਾਥ ਬਣਿਆ ਰਹਿੰਦਾ ਹੈ। ਸੰਤ ਜਨਾਂ ਦੀ ਸਿੱਖਿਆ ਨਾਲ ਹੀ ਪਤਾ ਲੱਗਦਾ ਹੈ ਕਿ ਜਿੱਥੇ ਪਰਮਾਤਮਾ ਦਾ ਭਗਤ ਵਸਦਾ ਹੈ, ਉਹ ਦੇਸ਼ ਭਾਗਾਂ ਵਾਲਾ ਹੈ। ਗੁਰੂ ਦੇ ਮਿਲਾਪ ਨਾਲ ਹੀ ਜੀਵਨ ਵਿੱਚ ਬਸੰਤ ਦਾ ਖੇੜਾ ਉਗਮਦਾ ਹੈ। ਆਤਮਿਕ ਖੇੜੇ ਦੀ ਤਰਾਉਤੀ ਕਦੇ ਮੁਕਦੀ ਨਹੀਂ। ਸਾਰੀਆਂ ਮਨੁੱਖੀ ਮਨੋਕਾਮਨਾਵਾਂ ਪੂਰੀਆਂ ਕਰਨ ਵਾਲਾ ਸਵਰਗ ਦਾ ਪਾਰਜਾਤ ਰੁੱਖ ਰੁਖ ਉਗ ਪਿਆ ਹੈ, ਜਿਸ ਨੂੰ ਭਾਂਤ ਭਾਂਤ ਦੇ ਕੀਮਤੀ ਫੁੱਲ ਤੇ ਫਲ ਲੱਗੇ ਹੋਏ ਹਨ। ਬਾਬਾ ਨਾਨਕ ਜੀ ਆਖਦੇ ਹਨ ਸਦਾ ਪਰਮਾਤਮਾ ਦਾ ਨਾਮ ਸਿਮਰ ਕੇ ਮਾਇਆ ਦਾ ਮੋਹ ਦੂਰ ਹੁੰਦਾ ਹੈ।



ਅਮਰਜੀਤ ਸਿੰਘ ਤੂਰ ਪਿੰਡ ਕੁਲਬੁਰਛਾਂ ਜਿਲਾ ਪਟਿਆਲਾ ਹਾਲ-ਆਬਾਦ # 639/40ਏ ਚੰਡੀਗੜ੍ਹ। ਫੋਨ ਨੰਬਰ : 9878469639



# ਸਮਕਾਲੀ ਪੰਜਾਬੀ ਕਵਿਤਾ ਅਤੇ ਸਾਹਿਤਕ ਅਦਾਰਿਆਂ ਦੀ ਦਸ਼ਾ ਤੇ ਦਿਸ਼ਾ

ਪੰਜਾਬੀ ਸਾਹਿਤ ਖਾਸ ਕਰਕੇ ਕਵਿਤਾ ਹਮੇਸ਼ਾ ਹੀ ਅੰਦੋਲਨਾਂ/ ਲਹਿਰਾਂ ਤੋਂ ਹਮੇਸ਼ਾ ਹੀ ਪ੍ਰਭਾਵਤ ਰਿਹਾ ਹੈ ਪਰ ਇਸ ਨੂੰ ਖੁੱਲ੍ਹੀ ਮੰਡੀ ਦੇ ਨਾਂ ਹੇਠ ਸੰਸਾਰੀਕਰਨ, ਉਦਾਰੀਕਰਨ ਅਤੇ ਨਿੱਜੀਕਰਨ ਦੀਆਂ ਆਰਥਿਕ ਨੀਤੀਆਂ ਵਿੱਚੋਂ ਉਤਪੰਨ ਹੋਈਆਂ ਪਦਾਰਥਕ ਹਾਲਤਾਂ ਨੇ ਵੀ ਆਪਣੇ ਤੌਰ 'ਤੇ ਬਹੁਤ ਪ੍ਰਭਾਵਤ ਕੀਤਾ। ਬਦਲੇ ਹੋਏ ਦੌਰ ਵਿੱਚ ਕਵਿਤਾ ਦੇ ਖੇਤਰ ਵਿੱਚ ਚਾਰ ਪੱਧਰ( ਵਿਸ਼ਾ , ਰੂਪ, ਕਵੀ ਅਤੇ ਕਿਤਾਬ) ਉੱਤੇ ਆਈਆਂ ਤਬਦੀਲੀਆਂ ਨੂੰ ਸਹਿਜੇ ਹੀ ਵੇਖਿਆ ਜਾਂ ਮਾਪਿਆ ਜਾ ਸਕਦਾ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਕਵੀ ਦੀ ਹੋਂਦ ਤੋਂ ਬਿਨਾਂ ਕੁੱਝ ਵੀ ਨਹੀਂ ਚਿਤਵਿਆ ਜਾ ਸਕਦਾ ਅਤੇ ਵਿਅਕਤੀ ਦਾ ਆਪਣਾ ਇੱਕ ਸਥਾਨ ਅਤੇ ਰੋਲ ਹੁੰਦਾ ਹੈ ਪਰ ਕਵੀ ਜਾਂ ਕਿਤਾਬ ਦੀ ਥਾਂ ਵਿਸ਼ਿਆਂ ਅਤੇ ਰੂਪਾਂ ਉੱਤੇ ਜਿਆਦਾ ਧਿਆਨ ਕੇਂਦਰਿਤ ਕਰਨ ਦੀ ਜ਼ਰੂਰਤ ਹੈ। ਵਿਸ਼ੇ ਪੱਖੋਂ ਭਾਵੇਂ ਦਲਿਤ , ਨਾਰੀਵਾਦੀ ਅਤੇ ਪਰਵਾਸ ਜਿਹੇ ਵਿਸ਼ੇ ਭਾਵੇਂ ਅਕਸਰ ਚਰਚਾ ਵਿੱਚ ਰਹੇ ਹਨ ਪਰ ਪ੍ਰਸਥਿਤੀਆਂ ਮੁਤਾਬਿਕ ਉਨ੍ਹਾਂ ਦੇ ਮਸਲੇ ਵੀ ਵਕਤ ਨਾਲ ਬਦਲ ਗਏ। ਸਮਾਜਿਕ ਅਤੇ ਮਾਨਸਿਕ ਤੌਰ 'ਤੇ ਲਤਾੜੇ ਹੇਠਲੇ ਵਰਗਾਂ ਲਈ ਹੁਣ ਰਾਜਸੀ ਚੇਤਨਾ ਦੀ ਥਾਂ ਸਮਾਜਕ ਸਨਮਾਨਯੋਗ ਬਰਾਬਰਤਾ ਦਾ ਮਸਲਾ ਜ਼ਿਆਦਾ ਉੱਭਰ ਰਿਹਾ ਹੈ ਜਿਸ ਦੀ ਗੱਲ ਅਕਸਰ ਬਲਵੀਰ ਮਾਧੋਪੁਰੀ, ਗੁਰਮੀਤ ਸਿੰਘ ਕੱਲਰਮਾਜਰੀ, ਸਤਪਾਲ ਭੀਖੀ,ਸੰਤੋਖ ਸਿੰਘ ਸੁੱਖੀ, ਮਦਨ ਵੀਰਾ ਆਪਣੀਆਂ ਕਵਿਤਾਵਾਂ ਵਿੱਚ ਕਰਦੇ ਵੇਖੇ ਜਾ ਸਕਦੇ ਹਨ। ਔਰਤ ਦੀਆਂ ਪੀੜਾਂ ਦੀ ਬਾਤ ਪਾਉਂਦੀ ਨਾਰੀਵਾਦੀ ਕਵਿਤਾ ਵਿੱਚ ਨਾਰੀ ਦੀ ਹੋਂਦ ਬਚਾਉਣ ਦਾ ਮੁੱਦਾ ਪਾਲ ਕੌਰ, ਸੁਖਵਿੰਦਰ ਅਮ੍ਰਿਤ, ਸ਼ਸ਼ੀ ਸਮੁੰਦਰਾ, ਮਨਜੀਤ ਇੰਦਰਾ, ਸੋਮਾ ਸਬਲੋਕ ,ਭੁਪਿੰਦਰ ਕੌਰ ਪ੍ਰੀਤ, ਹਰਪ੍ਰੀਤ ਕੌਰ ਸੰਧੂ, ਗੁਰਮਿੰਦਰ ਸਿੱਧੂ ਦੀਆਂ ਕਵਿਤਾਵਾਂ ਵਿੱਚ ਵੇਖਿਆ ਜਾ ਸਕਦਾ ਹੈ।

ਅਸਾਵੇਂ ਸਮਾਜਾਂ ਵਿੱਚ ਅੰਦਰੂਨੀ ਅਤੇ ਬਾਹਰੀ ਪਰਵਾਸ ਜਨਮਾਨਸ ਦੀ ਜ਼ਰੂਰਤ ਰਹੀ ਹੈ । ਪੰਜਾਬੀ ਹਮੇਸ਼ਾ ਉਦਮੀ ਰਹੇ ਹਨ। ਇਸ ਕਰਕੇ ਪੰਜਾਬ ਵਿੱਚ ਤਾਂ ਪ੍ਰਵਾਸ/ ਹਿਜਰਤ ਹਮੇਸ਼ਾ ਹੀ ਉੱਭਰਵਾਂ ਮਸਲਾ ਰਿਹਾ ਹੈ । ਸਮਿਆਂ ਮੁਤਾਬਿਕ ਪ੍ਰਵਾਸੀ ਕਵਿਤਾ ਅੱਜ ਕਲ੍ਹ ਵਤਨੀਂ ਉਦਰੇਵੇਂ ਨੂੰ ਤਿਆਗ ਕੇ, ਸਮਕਾਲੀ ਸੰਕਟਾਂ ਨੂੰ ਸੰਬੋਧਨ ਹੁੰਦੀ ਵੇਖੀ ਜਾ ਸਕਦੀ ਹੈ। ਇਸ ਸਬੰਧ ਵਿੱਚ ਸਰਬਜੀਤ ਸੋਹੀ, ਹਰਜੀਤ ਦੌਧਰੀਆਂ, ਸੁਰਿੰਦਰ ਧੰਜਲ, ਅਜਮੇਰ ਰੋਡੇ, ਸਾਧੂ ਬਿਨਿੰਗ, ਸੁਰਜੀਤ ਕੌਰ, ਹਰਦਮ ਮਾਨ,ਰਵਿੰਦਰ ਰਵੀ, ਸੁਖਿੰਦਰ, ਨਵਤੇਜ ਭਾਰਤੀ, ਗੁਰਦੇਵ ਚੌਹਾਨ, ਇਕਬਾਲ ਰਾਮੂਵਾਲੀਆ, ਗੁਰਚਰਨ ਰਾਮਪੁਰੀ, ਸੁਖਵਿੰਦਰ ਰਾਮਪੁਰੀ ਆਦਿ ਵੱਲੋਂ ਰਚੀ ਕਵਿਤਾ ਵੇਖੀ ਜਾ ਸਕਦੀ ਹੈ। ਇਸ ਤੋਂ ਇਲਾਵਾ ਇਨ੍ਹਾਂ ਹੀ ਸਮਿਆਂ ਵਿੱਚ ਦੇਹ ਦੇ ਜਸ਼ਨ ਦੀ ਕਵਿਤਾ ਦਾ ਰੁਝਾਨ ਵੀ ਵੇਖਣ ਨੂੰ ਮਿਲਦਾ ਹੈ ਜਿਸ ਦੀ ਨੁਮਾਇੰਦਗੀ ਸਵਰਨਜੀਤ ਸਵੀ ਕਰਦਾ ਹੈ। ਸੰਸਾਰੀਕਰਨ ਦੇ ਇਸ ਦੌਰ ਵਿੱਚ ਇਨ੍ਹਾਂ ਹੀ ਸਮਿਆਂ ਵਿੱਚ ਗੁਰੂ ਨਾਨਕ ਦੇ ਫਲਸਫੇ ਦੇ ਪਿਛੋਕੜ ਵਿੱਚੋਂ ਜਸਵੰਤ ਜਫਰ ਨਿੱਜਵਾਦ ਦੀ ਵਧਦੀ ਲਾਲਸਾ ਦਾ ਜ਼ਿਕਰ 'ਅਸੀਂ ਨਾਨਕ ਦੇ ਕੀ ਲਗਦੇ ਹਾਂ' ਰਾਹੀਂ ਕਰਦਾ ਹੈ। ਮੰਡੀਕਰਨ ਦੇ ਅੰਨ੍ਹੇ ਮੁਕਾਬਲੇ ਦੇ ਇਸ ਦੌਰ ਵਿੱਚ ਪੰਜਾਬ ਤੋਂ ਹਿਜਰਤ ਕਰਕੇ ਜਪਾਨ ਪਹੁੰਚੇ ਪਰਮਿੰਦਰ ਸੋਢੀ ਬੁੱਧ ਤੋਂ ਪ੍ਰਭਾਵਿਤ ਅਤੇ ਕੁਦਰਤ ਨਾ਼ਲ ਸੰਵਾਦ ਰਚਾਉਂਦੀ ਕਵਿਤਾ ਦਾ ਇੱਕ ਵੱਖਰਾ ਰੁਝਾਨ ਲੈ ਕੇ ਆਉਂਦਾ ਹੈ। ਪੰਜਾਬ ਦੇ ਪਿਛੋਕੜ, ਪੰਜਾਬ ਦੇ ਉਜਾੜੇ ਅਤੇ ਵੰਡਵਾਰੇ ਦਾ ਉਦਰੇਵੇਂ, ਪੰਜਾਬੀਅਤ ਦੀ ਖੁਰ ਅਤੇ ਉੱਭਰ ਰਹੀ ਪਛਾਣ ਅਤੇ ਪੰਜਾਬ ਦੇ ਕੁਦਰਤੀ ਸਰੋਤਾਂ ਦੀ ਸੱਤਾਧਾਰੀ ਅਤੇ ਪੂੰਜੀਵਾਦੀ ਤਾਕਤਾਂ ਵੱਲੋਂ ਕੀਤੀ ਜਾ ਰਹੀ ਲੁੱਟ ਦੇ ਮੁੱਦੇ ਵੀ ਈਸ਼ਵਰ ਦਿਆਲ ਗੌੜ ਦੀ 'ਸੁਰਮੇਦਾਨੀ' , ਹਰਵਿੰਦਰ ਸਿੰਘ ਦੀ ਕਿਤਾਬ 'ਪੰਜ ਨਦੀਆਂ ਦਾ ਗੀਤ' ਅਤੇ ਡਾ. ਮੇਹਰ ਮਾਣਕ ਦੇ ਆਏ ਦੋ ਕਾਵਿ ਸੰਗ੍ਰਹਿ 'ਡੂੰਘੇ ਦਰਦ ਦਰਿਆਵਾਂ ਦੇ' (2022) ਅਤੇ 'ਸ਼ੂਕਦੇ ਆਬ ਤੇ ਖ਼ਾਬ'(2024) 'ਚੋਂ ਵੇਖੇ ਜਾ ਸਕਦੇ ਹਨ ਅਤੇ ਖੇਤੀ ਸੰਕਟ ਵਿੱਚੋਂ ਨਿਕਲੇ ਆਤਮਘਾਤੀ ਰੁਝਾਨ ਅਤੇ ਫਿਰ ਪੈਦਾ ਹੋਏ ਇਤਿਹਾਸਕ ਅੰਦੋਲਨ ਨੇਂ ਵੀ ਕਵਿਤਾ ਨੂੰ ਵੱਡੇ ਪੱਧਰ ਉੱਤੇ ਪ੍ਰਭਾਵਤ ਕੀਤਾ ਜਿਸ ਸਦਕਾ ਬਹੁਤ ਸਾਰੇ ਕਵੀਆਂ ਨੇ ਕਵਿਤਾਵਾਂ ਦੀ ਸਿਰਜਣਾ ਕੀਤੀ ਜਿੰਨ੍ਹਾਂ ਵਿੱਚ ਸੁਖਿੰਦਰ , ਸੁਰਜੀਤ ਜੱਜ,ਡਾ਼ ਮੇਹਰ ਮਾਣਕ, ਅਮਰਜੀਤ ਟਾਂਡਾ, ਸਲੀਮ ਪਾਸ਼ਾ, ਬਲਵੀਰ ਕੌਰ ਰਾਏਕੋਟੀ, ਲਖਵਿੰਦਰ ਜੌਹਲ, ਗੁਰਮਿੰਦਰ ਸਿੱਧੂ, ਕਿਹਰ ਸ਼ਰੀਫ਼ , ਰਤਨ ਸਿੰਘ ਢਿਲੋਂ, ਜਗਤਾਰ ਸਾਲਮ, ਪਿਆਰਾ ਸਿੰਘ ਕੁੱਦੋਵਾਲ, ਡਾ਼ ਸ਼ਿਆਮ ਸੁੰਦਰ ਦੀਪਤੀ, ਡਾ਼ ਅਰਵਿੰਦਰ ਕੌਰ ਕਾਕੜਾ, ਸੁਰਿੰਦਰ ਗੀਤ, ਨਿਰਮਲਾ ਗਰਗ, ਨਿਰੰਜਣ ਬੋਹਾ, ਅਮਰੀਕ ਪਲਾਹੀ ਆਦਿ ਸ਼ਾਮਲ ਹਨ।ਸੁਖਿੰਦਰ ਨੇ ਇਸ ਸਬੰਧੀ ਇੱਕ ਵਿਸ਼ੇਸ਼ ਕਾਵਿ ਸੰਗ੍ਰਹਿ ' ਅੰਦੋਲਨ ਮੇਲਾ ਨਹੀਂ ਹੁੰਦਾ' (2022) ਕੱਢਿਆ ਤਾਂ ਕਿ 52 ਕਿਰਤਾਂ ਨੂੰ ਸਮੱਗਰ ਰੂਪ ਵਿਚ ਸਾਂਭਿਆ ਜਾ ਸਕੇ।

ਸਮਾਂ ਬਦਲਣ ਨਾ਼ਲ ਸਤ੍ਹਾ ਦਾ ਵੀ ਚਰਿੱਤਰ ਬਦਲ ਗਿਆ ਹੈ। ਹੁਣ ਸਮਾਜ ਕਲਿਆਣ ਕਾਰਜਾਂ ਦੀ ਥਾਂ ਸਤ੍ਹਾ ਆਪਣੇ ਬਦਲਵੇਂ ਜੰਗਜੂ ਚਰਿਤਰ ਵਿੱਚ ਉਭਰਵੇਂ ਰੂਪ ਵਿੱਚ ਆ ਚੁੱਕੀ ਹੈ। ਇਸੇ ਸੰਦਰਭ ਵਿੱਚ ਸੁਖਿੰਦਰ ਨੇ ਆਪਣੀ ਨਵੀਂ ਕਾਵਿ ਪੁਸਤਕ 'ਜੰਗਬਾਜਾਂ ਦੇ ਖਿਲਾਫ'(2024) ਸਮਾਜ ਦੇ ਸਨਮੁੱਖ ਕੀਤੀ । ਮੰਡੀ ਅਤੇ ਸਤ੍ਹਾ ਦੇ ਬਾਜ਼ਾਰੀਕਰਨ ਹੋਣ ਕਾਰਨ ਜੰਗ ਤੇ ਅਮਨ ਭਾਵੇਂ ਬਹੁਤ ਹੀ ਭਖਦੇ ਮੁੱਦੇ ਹਨ ਪਰ ਛਿੜ ਰਹੀਆਂ ਜੰਗਾਂ ਦੇ ਖਿਲਾਫ ਸੁਖਿੰਦਰ ਅਤੇ ਡਾ਼ ਮੇਹਰ ਮਾਣਕ ਤੋਂ ਇਲਾਵਾ ਸ਼ਾਇਦ ਕੁੱਝ ਕੁ ਕਵੀ ਹੀ ਬੋਲੇ ਹੋਣਗੇ ਕਿਉਂਕਿ ਸਾਡੀ ਅਜੋਕੀ ਕਵਿਤਾ ਦਾ ਦਾਇਰਾ ਬੌਣਾ ਅਤੇ ਸਵੈ ਕੇਂਦਰਿਤ ਨਿੱਜਵਾਦੀ ਹੁੰਦਾ ਜਾ ਰਿਹਾ ਹੈ। ਭਾਵੇਂ ਪੰਜਾਬੀ ਕਵਿਤਾ ਦੇ ਵਿਸ਼ਾਲ ਹਿੱਸੇ ਸਮਾਜਿਕ ਸਥਾਪਤੀਆਂ ਦੇ ਵੱਖ ਰੂਪਾਂ ਦੇ ਖਿਲਾਫ ਬੋਲਦੇ ਵੇਖੇ ਜਾ ਸਕਦੇ ਹਨ ਪਰ ਰਾਜਸੀ ਸਥਾਪਤੀ ਦੇ ਖਿਲਾਫ ਸਮਾਜਕ ਮੁੱਦਿਆਂ ਦੀ ਜਿਸ ਪੱਧਰ ਉੱਤੇ ਸਾਹਿਤਕ ਕਿਰਤਾਂ ਵਿੱਚ ਗੱਲ ਹੋਣੀ ਚਾਹੀਦੀ ਹੈ, ਉਹ ਨਹੀਂ ਹੋ ਰਹੀ। ਕਵਿਤਾ ਵਿੱਚ ਬੜੇ ਨਵੇਂ ਨਿਵੇਕਲੇ ਤਜਰਬੇ ਵੇਖਣ ਨੂੰ ਮਿਲ ਰਹੇ ਹਨ ਪਰ ਇਸ ਦੇ ਦਾਇਰੇ ਸੁੰਗੜ ਰਹੇ ਹਨ। ਬਹੁਤੀ ਅਜੋਕੀ ਪੰਜਾਬੀ ਕਵਿਤਾ ਬੜੀ ਹੀ ਅੱਖੜ ਅਤੇ ਨੀਰਸ ਸੁਭਾਅ ਵਾ਼ਲੀ ਹੈ। ਇਸ ਵਿੱਚੋਂ ਕਾਵਿ ਭਾਸ਼ਾ , ਕਾਵਿ ਮੁਹਾਵਰਾ, ਕਾਵਿਕ ਬਿੰਬ, ਕਾਵਿਕ ਰਵਾਨਗੀ ਗੁੰਮ ਹੋ ਰਹੇ ਹਨ। ਬਹੁਤੀ ਸਿਰਜੀ ਜਾ ਰਹੀ ਕਵਿਤਾ ਦੇ ਸ਼ਬਦ ਅਤੇ ਸ਼ਾਬਦਿਕ ਵਾਕ ਬਣਤਰ ਹੀ ਵਾਰਤਕ ਹੈ। ਕਈ ਅਖ਼ੌਤੀ ਵੱਡੇ ਕਵੀ ਆਲੋਚਨਾ ਵਿੱਚ ਵਰਤੀ ਜਾ ਰਹੀ ਸ਼ਬਦਾਵਲੀ ਨੂੰ ਅੰਨੇਵਾਹ ਵਰਤ ਕੇ ਵੱਡੇ ਹੋਣ ਦਾ ਭਰਮ ਪਾਲੀਂ ਬੈਠੇ ਹਨ। ਸਰਕਾਰੇ ਦਰਬਾਰੇ ਪਹੁੰਚ ਕਾਰਨ ਆਲੋਚਨਾ ਦੇ ਮਾਹਿਰ ਇਸ ਨੂੰ ਕਵਿਤਾ ਦੇ ਉੱਚ ਪੜਾਅ ਦਾ ਲਕਵਾ ਦੇ ਕੇ ਖਹਿੜਾ ਛੁੜਾਉਣ ਵਿੱਚ ਹੀ ਭਲਾਈ ਸਮਝਦੇ ਹਨ। ਅਜਿਹੀ ਕਵਿਤਾ ਪੜ੍ਹਦੇ ਸਮੇਂ ਰੂਹ ਨੂੰ ਹਲਕਾ ਕਰਨ ਦੀ ਥਾਂ ਹੱਦੋਂ ਬੋਝਲ ਲੱਗਦੀ ਹੈ। ਕਵੀ ਪਾਠਕ ਅਤੇ ਕਵਿਤਾ ਤੋਂ ਕਿਤੇ ਦੂਰ ਜਾ ਚੁੱਕਾ ਹੈ। ਕੱਚ ਘਰੜੀਆਂ ਕਿਤਾਬਾਂ ਛਪ ਕੇ ਧੜਾਧੜ ਰਲੀਜ਼ ਹੋ ਰਹੀਆਂ ਹਨ। ਆਲੋਚਕ ਕਿਤਾਬ ਦੀ ਆਲੋਚਨਾ ਕਰਕੇ ਦੁਸ਼ਮਣੀ ਖੱਟਣ ਦੀ ਥਾਂ ਸਿਫ਼ਤਾਂ ਕਰਕੇ ਯਾਰੀਆਂ ਨਿਭਾਅ ਜਾਂਦਾ ਹੈ।

ਸਾਹਤਿਕ ਗੋਸ਼ਟੀਆਂ ਸਿਰਜੇ ਜਾ ਰਹੇ ਸਾਹਿਤ ਨੂੰ ਨਿਰਖ ਪਰਖ ਕੇ ਉਸ ਨੂੰ ਹੋਰ ਨਿਖਾਰਨ , ਸ਼ਿੰਗਾਰਨ ਅਤੇ ਸਮੇਂ ਦਾ ਹਾਣੀ ਬਣਾਉਣ ਵਿੱਚ ਸਹਾਈ ਹੁੰਦੀਆਂ ਹਨ ਪਰ ਪੰਜਾਬੀ ਸਾਹਿਤਕ ਜਗਤ ਵਿੱਚ ਅਜਿਹਾ ਮੁੱਲਵਾਨ ਕਾਰਜ ਮਨਫੀ ਹੋ ਚੁੱਕਾ ਹੈ। ਗੋਸ਼ਟੀਆਂ ਵਿੱਚ ਇਕੱਠ ਕਰਨ ਲਈ ਕਵੀ ਦਰਬਾਰ ਦੀ ਸ਼ਮੂਲੀਅਤ ਜ਼ਰੀਏ ਦੇ ਤੌਰ 'ਤੇ ਕੰਮ ਕਰਦੀ ਹੈ ਜਿਸ ਵਿੱਚ ਗੋਸ਼ਟੀ ਘੱਟ ਹੁੰਦੀ ਹੈ ਅਤੇ ਅਕਸਰ ਕਿਤਾਬਾਂ ਜ਼ਿਆਦਾ ਰਲੀਜ਼ ਹੁੰਦੀਆਂ ਹਨ। ਜ਼ਿਆਦਾਤਰ ਵੇਖਣ ਵਿੱਚ ਆਇਆ ਹੈ ਕਿ ਗੋਸ਼ਟੀਆਂ ਵਿੱਚ ਸ਼ਾਮਲ ਸਰੋਤਿਆਂ ਵਿੱਚ ਕੋਈ ਕੋਈ ਕਿਤਾਬ ਗੰਭੀਰ ਪਾਠਕ ਹੁੰਦਾ ਹੈ ਜਿਸ ਨੇ ਚਰਚਾ ਅਧੀਨ ਕਿਤਾਬ ਪੜ੍ਹੀ ਹੋਵੇ। ਸਾਹਿਤ ਸਭਾਵਾਂ / ਸੰਸਥਾਵਾਂ ਦੇ ਪੱਧਰ 'ਤੇ ਉਹੀ ਪ੍ਰਧਾਨਗੀਆਂ, ਉਹੀ ਮੰਡਲ, ਉਹੀ ਭਾਸ਼ਣ ਅਤੇ ਓਹੀ ਰਾਸ਼ਣ ਚਲਦਾ ਵੇਖਿਆ ਜਾ ਸਕਦਾ ਹੈ। ਜੇਕਰ ਸਾਹਿਤ ਸਭਾਵਾ ਦੀ ਗੱਲ ਕਰੀਏ ਤਾਂ ਇੱਕੋ ਸ਼ਹਿਰ ਵਿੱਚ ਕਈ ਕਈ ਸਾਹਿਤ ਸਭਾਵਾਂ ਬਣੀਆਂ ਹੋਈਆਂ ਵੇਖੀਆਂ ਜਾ ਸਕਦੀਆਂ ਹਨ, ਜਿਨ੍ਹਾਂ ਵਿੱਚ ਸਰੋਤੇ ਜ਼ਿਆਦਾ ਅਤੇ ਪਾਠਕ ਨਾਂਮਾਤਰ ਹੁੰਦੇ ਹਨ। ਇਨ੍ਹਾਂ ਸਭਾਵਾਂ ਦੇ ਧੜਾਧੜ ਲੜੀਵਾਰ ਪ੍ਰੋਗਰਾਮ ਚੱਲਦੇ ਸਹਿਜੇ ਹੀ ਵੇਖੇ ਜਾ ਸਕਦੇ ਹਨ।ਸਮਾਜ ਨੂੰ ਸੇਧ ਦੇਣ ਵਾਲੇ ਸਾਹਿਤ ਦੇ ਖੇਤਰ ਵਿੱਚ ਸਭ ਕੁੱਝ ਰਸਮੀ ਅਤੇ ਦਿਖਾਵੇ ਮਾਤਰ ਹੋ ਕੇ ਰਹਿ ਗਿਆ ਹੈ।

ਇੱਥੇ ਇੱਕ ਗੱਲ ਨੋਟ ਕਰਨ ਵਾਲੀ ਹੈ ਕਿ ਬਹੁਤੇ ਸਾਹਿਤਕ ਨੇਤਾ ਪਾਠਕਾਂ ਤੋਂ ਤਾਂ ਕੀ, ਉਹ ਖੁਦ ਹੀ ਕਿਰਤ ਕਰਨ ਤੋਂ ਕੋਹਾਂ ਦੂਰ ਜਾ ਚੁੱਕੇ ਹਨ ਜਦ ਕਿ ਕਿਰਤ ਹੀ ਸਿਰਜਣਾ ਦਾ ਆਧਾਰ ਹੁੰਦੀ ਹੈ।ਅਕਸਰ ਇਹ ਵੇਖਿਆ ਗਿਆ ਹੈ ਕਿ ਇਨ੍ਹਾਂ ਨੇਤਾਵਾਂ ਨੂੰ ਸਾਹਿਤਕ ਅਦਾਰਿਆਂ (ਸਭਾਵਾਂ ਅਤੇ ਅਕਾਦਮੀਆਂ) ਦੀਆਂ ਚੋਣਾਂ ਵੇ਼ਲੇ ਇਹ ਵੀ ਨਹੀਂ ਪਤਾ ਹੁੰਦਾ ਕਿ ਉਸ ਵਕਤ ਪੇਂਡੂ ਕਾਮਾਂ ਤਪਦੀਆਂ ਦੁਪਹਿਰਾਂ ਵਿੱਚ ਫਸਲ ਬਚਾਅ ਕੇ ਘਰ ਪਹੁੰਚਦਾ ਕਰਨ ਦੀ ਅਹਾਰ ਵਿੱਚ ਹੁੰਦਾ ਹੈ। ਕਣਕ ਦੀਆਂ ਵਾਢੀਆਂ ਪੂਰੇ ਜ਼ੋਰਾਂ ਉੱਤੇ ਹੁੰਦੀਆਂ ਹਨ, ਦਿਹਾੜੀਆ/ ਮਜ਼ਦੂਰ ਕਿਧਰੇ ਭਾਲਿਆ ਨਹੀਂ ਮਿਲਦਾ । ਅਜਿਹੇ ਅੱਤ ਰੁਝੇਵੇਂ ਭਰੇ ਸਮੇਂ ਵਿੱਚ ਸਾਡੇ ਸਾਹਿਤਕ ਲੀਡਰ ਇਸ ਸਭ ਕੁੱਝ ਤੋਂ ਅਣਜਾਣ ਵੋਟਰਾਂ ਨੂੰ ਦਿਨ ਰਾਤ ਸੰਪਰਕ ਕਰਨ ਅਤੇ ਉਨ੍ਹਾਂ ਨੂੰ ਅਦਾਰਿਆਂ ਦੀਆਂ ਚੋਣਾਂ ਵਾਲੇ ਦਿਨ ਰਾਜਸੀ ਪਾਰਟੀਆਂ ਦੀ ਤਰਜ਼ 'ਤੇ ਰਝਾਉਣ ਅਤੇ ਬੂਥਾਂ ਵੱਲ ਢੋਣ ਵਿੱਚ ਲੱਗੇ ਹੁੰਦੇ ਹਨ । ਇਨ੍ਹਾਂ ਨੇਤਾਵਾਂ ਵੱਲੋਂ ਹਰ ਹਰਵਾ ਜਰਬਾ ਵਰਤ ਕੇ ਚੋਣ ਜਿੱਤਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਰਿਸ਼ਤੇ ਨਾਤੇ, ਯਾਰੀਆਂ, ਪਾਰਟੀਆਂ ਦੇ ਕਾਰਡ ਹੋਲਡਰ ਭਗਤ, ਅਖੌਤੀ ਇਨਕਲਾਬੀ ਸਫਬੰਦੀਆਂ, ਜਾਤ , ਧਰਮ , ਇਲਾਕ਼ਾ, ਨਿੱਜੀ ਪਹੁੰਚ ਅਤੇ ਹੋਰ ਸੇਵਾ ਸੰਭਾਲ ਦੇ ਤੋਰ ਤਰੀਕੇ ਵਰਤ ਕੇ ਬੌਣੀਆਂ ਜਿਹੀਆਂ ਕੁਰਸੀਆਂ ਨੂੰ ਹਥਿਆਉਣ ਦੀ ਪੂਰੀ ਕੋਸ਼ਿਸ਼ ਕੀਤੀ ਜਾਂਦੀ ਹੈ। ਹੋਰ ਤਾਂ ਹੋਰ ਕਈ ਮਹਾਨ ਸਖਸ ਤਾਂ ਕਈ ਅਹੁਦਿਆਂ ਉੱਤੇ ਕੀਤੇ ਲੰਮੇ ਕਬਜ਼ੇ ਨੂੰ ਆਪਣੀ ਕਾਬਲੀਅਤ ਦੱਸਦੇ ਨਹੀਂ ਥੱਕਦੇ। ਕਈ ਵਾਰ ਤਾਂ ਇਵੇਂ ਲੱਗਦਾ ਹੈ ਕਿ ਇਹ ਲੋਕ ਸਮਾਜ ਜ਼ਿੰਮੇਵਾਰੀਆਂ ਤੋਂ ਬਿਲਕੁੱਲ ਮੁਕਤ ਅਤੇ ਸਿਰਫ ਤੇ ਸਿਰਫ ਅਹੁਦੇ ਹਥਿਆਉਣ ਨੂੰ ਹੀ ਆਪਣੇ ਜੀਵਨ ਦੀ ਮੁੱਖ ਮੰਜ਼ਿਲ ਸਮਝਦੇ ਹਨ। ਇਥੋਂ ਹੀ ਤੁਸੀਂ ਅੰਦਾਜ਼ਾ ਲਾ ਲਵੋ ਕਿ ਅਜਿਹੇ ਲੋਕਾਂ ਵੱਲੋਂ ਸਿਰਜਿਆ ਸਾਹਿਤ ਕਿੰਨਾ ਕੁ ਸਮਾਜ ਦਾ ਸ਼ੀਸ਼ਾ ਅਤੇ ਮਾਰਗ ਦਰਸ਼ਕ ਹੋ ਸਕਦਾ ਹੈ। ਇਵੇਂ ਲੱਗਦਾ ਹੈ ਕਿ ਧਰਤੀ ਉੱਤੇ ਵਿਹਲੜਾਂ ਦੀ ਇੱਕ ਵੱਡੀ ਫੌਜ ਰਾਜਨੀਤਕ ਅਖਾੜੇ ਵਿੱਚ ਹੀ ਨਹੀਂ ਸਗੋਂ ਸਤ੍ਹਾ ਦੇ ਨੇੜੇ ਪੁੱਜਣ ਲਈ ਸਾਹਿਤਕ ਹਲਕਿਆਂ ਵਿੱਚ ਵੀ ਆਪਣੇ ਬੌਣੇ ਜਿਹੇ ਦਾਇਰੇ ਅਤੇ ਕੱਦ ਮੁਤਾਬਿਕ ਸਰਗਰਮ ਹੈ। ਇਸ ਦਾ ਮਤਲਬ ਇਹ ਨਹੀਂ ਕਿ ਸਾਰੇ ਸਾਹਿਤਕਾਰਾਂ ਵਿਹਲੇ ਹਨ, ਬਹੁਤ ਸਾਰੇ ਸਾਹਿਤਕਾਰ ਅੱਜ ਵੀ ਸਮਾਜਕ ਅਤੇ ਆਰਥਿਕ ਜੀਵਨ ਵਿੱਚ ਆਪਣੇ ਵਿੱਤ ਮੁਤਾਬਿਕ ਹਿੱਸਾ ਪਾਉਂਦੇ ਵੇਖੇ ਜਾ ਸਕਦੇ ਹਨ। ਕਿਰਤ ਅਤੇ ਸਮਾਜਕ ਜੀਵਨ ਨਾਲੋਂ ਟੁੱਟੇ ਲੋਕ ਸਾਹਿਤ ਅਤੇ ਕਲਾ ਦੀ ਸਿਰਜਣਾ ਨਹੀਂ ਕਰ ਸਕਦੇ।

ਸਾਹਿਤਕ ਨਿਘਾਰ ਦਾ ਇੱਕ ਹੋਰ ਵੀ ਵੱਡਾ ਕਾਰਨ ਬਜ਼ਾਰ ਵਿੱਚ ਬੈਠੇ ਸਥਾਪਤ ਲੇਖਕ, ਪ੍ਰਕਾਸ਼ਕ ਅਤੇ ਯੂਨੀਵਰਸਿਟੀਆਂ ਦੇ ਕੁੱਝ ਅਖ਼ੌਤੀ ਸਾਹਿਤਕ ਬੁੱਧੀਜੀਵੀ ਵੀ ਹਨ। ਆਮ ਲੇਖਕ ਭਾਵੇਂ ਵਧੀਆ ਵੀ ਲਿਖਦਾ ਹੋਵੇ ਉਸ ਤੋਂ ਪ੍ਰਕਾਸ਼ਕ ਪੂਰੇ ਪੈਸੇ ਲੈ ਕੇ , ਲੇਖਕ ਸਿਰ ਸਾਰੀ ਜ਼ਿੰਮੇਵਾਰੀ ਸੁੱਟ ਸੁਰਖ਼ਰੂ ਹੋ ਜਾਂਦਾ ਹੈ ਦੂਜੇ ਬੰਨੇ ਮੱਠਧਾਰੀ ਪ੍ਰਭਾਵਸ਼ਾਲੀ ਜੁਗਾੜੂ ਲੇਖਕ ਪ੍ਰਕਾਸ਼ਕਾਂ ਨਾਲ ਗੰਢਤੁੱਪ ਕਰਕੇ ਮੁਫ਼ਤ ਕਿਤਾਬ ਛਪਵਾ ਕੇ, ਯੂਨੀਵਰਸਿਟੀ ਦੇ ਸਲੇਬਸਾਂ ਵਿੱਚ ਲਗਵਾ ਕੇ, ਖੂਬ ਵਾਹਵਾ ਵਾਹਵਾ ਦੇ ਨਾਲੋਂ ਨਾਲ ਖੱਟੀ ਵੀ ਖੂਬ ਖੱਟਦੇ ਹਨ। ਸਰਕਾਰੇ ਦਰਬਾਰੇ ਪਹੁੰਚ ਕਾਰਨ ਉੱਚੇ ਅਹੁਦਿਆਂ ਉੱਤੇ ਬਿਰਾਜਮਾਨ ਹੋ ਕੇ, ਹਲਕੀਆਂ ਤੇ ਪੇਤਲੀ਼ਆਂ ਲਿਖਤਾਂ ਨੂੰ ਪ੍ਰਮੋਟ ਕਰਦੇ ਹਨ। ਜਦੋਂ ਅਜਿਹੇ ਹਾਲਾਤ ਹੋਣ ਤਾਂ ਸਾਹਿਤਕ ਵਿਕਾਸ ਦੇ ਦਾਅਵੇ ਹਾਸੋਹੀਣੇ ਕਿਉਂ ਨਾ ਲੱਗਣ? ਰਹਿੰਦੀ ਖੂੰਹਦੀ ਕਸਰ ਸਨਮਾਨਾਂ ਦੇ ਲਗ ਰਹੇ ਰੋਜ਼ਾਨਾ ਮੇਲਿਆਂ ਨੇ ਪੂਰੀ ਕਰ ਦਿੱਤੀ ਹੈ। ਅਣਗਿਣਤ ਖੁੰਬਾਂ ਵਾਂਗ ਪੈਦਾ ਹੋ ਰਹੇ ਮੰਚ ਪਤਾ ਨਹੀਂ ਕਿੰਨਿਆਂ ਕੁ ਨੂੰ ਨਿੱਤ ਮਾਨਾਂ ਅਤੇ ਸਨਮਾਨਾਂ ਦੀ ਦਾਤ ਬਖਸ਼ ਦਿੰਦੇ ਹਨ। ਕਈ 'ਨਾਮਵਰ' ਅਤੇ 'ਸੁਪਰਸਿੱਧ' ਪੱਛਮੀ ਪ੍ਰਵਾਸੀ ਕਵੀ ਇੱਥੇ ਆਉਂਦੇ ਹੀ ਇਸੇ ਕਾਰਜ ਲਈ ਹਨ ਅਤੇ ਪੰਜਾਬ ਦੇ ਵਿੱਚ ਰਹਿੰਦੇ ਬਹੁਤ ਸਾਰੇ ਕਵੀ , ਸਾਹਿਤਕਾਰ , ਬੁੱਧੀਜੀਵੀ ਅਤੇ ਆਲੋਚਕ ਵਿਦੇਸ਼ ਘੁੰਮਣ ਦੀ ਲਾਲਸਾ ਹਿੱਤ ਉਨ੍ਹਾਂ ਦੇ ਖੂਬ ਕਸੀਦੇ ਪੜ੍ਹਦੇ, ਹਿੜ ਹਿੜ ਕਰਦੇ ਅਤੇ ਖੂਬ ਟਹਿਲ ਸੇਵਾ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡਦੇ। ਕੀ ਅਜਿਹੇ ਸਮਿਆਂ ਵਿੱਚ ਕੋਈ ਲਾਲਸਾ ਅਤੇ ਸਨਮਾਨਾਂ ਦਾ ਭੁੱਖਾ ਇਨਸਾਨ ਵਧੀਆ ਸਾਹਿਤਕ ਰਚਨਾ ਦੀ ਸਿਰਜਣਾ ਕਰ ਸਕਦਾ ਹੈ ਜਦੋਂ ਉਸ ਦਾ ਮਕਸਦ ਹੀ ਸਿਰਫ ਤੇ ਸਿਰਫ ਸਨਮਾਨ ਪ੍ਰਾਪਤੀ, ਸ਼ੋਹਰਤ ,ਅਹੁਦੇ ਅਤੇ ਨਿੱਜੀ ਮੁਫ਼ਾਦ ਹੋਣ? ਸਾਹਿਤਕ ਮਿਆਰ ਅਤੇ ਨਿਖਾਰ ਦੀ ਗੱਲ ਤਾਂ ਕਿਤੇ ਦੂਰ ਰਹਿ ਗਈ ਹੈ। ਇਸ ਤੋਂ ਇਲਾਵਾ ਸਾਡੇ ਬਹੁਤ ਸਾਰੇ 'ਕੱਦਾਵਰ ਲੇਖਕਾਂ' ਨੂੰ 'ਗਵਾਂਢੀਆਂ ਦੀ ਥਾ਼ਲੀ 'ਚ ਪਏ ਲੱਡੂ' ਬਹੁਤ ਵੱਡੇ ਵੱਡੇ ਲਗਦੇ ਹਨ ਅਤੇ ਉਹ ਹਮੇਸ਼ਾ ਦਾਅਵਤ ਦੀ ਤਿਆਰੀ ਵਿੱਚ ਆਪਣੇ ਅਟੈਚੀਕੇਸ ਨੂੰ ਤਿਆਰ ਬਰ ਤਿਆਰ ਰੱਖਦੇ ਹਨ। "ਅੰਤਰਰਾਸ਼ਟਰੀ ਪੰਜਾਬੀ ਕਾਨਫ਼ਰੰਸਾਂ" ਵਿੱਚ ਵੀ 'ਜਥੇਬੰਦਕ ਜਥੇਦਾਰਾਂ' ਦੇ ਗਿਣਤੀ ਦੇ ਮੁਲਾਹਜੇਦਾਰ ਸਾਹਿਤਕਾਰ ਸ਼ਾਮਲ ਹੁੰਦੇ ਹਨ। ਸਥਾਨਕ ਸਾਹਿਤਕਾਰ ਭਾਵੇਂ ਕਿੰਨੇਂ ਹੀ ਮਿਆਰੀ ਹੈਸੀਅਤ ਰੱਖਦੇ ਹੋਣ ਉਨ੍ਹਾਂ ਨੂੰ ਪੰਡਾਲ ਭਰਨ ਲਈ ਰਸਮੀ ਸੱਦਾ ਪੱਤਰ ਭੇਜ ਕੇ ਕੰਮ ਚਲਾਇਆ ਜਾਂਦਾ ਹੈ। ਅਜਿਹੀਆਂ ਹਾਲਤਾਂ ਵਿੱਚ ਪੈਰਾਂ ਹੇਠਾਂ ਧਰਤੀ ਦੇ ਧਰਾਤਲ ਨੂੰ ਭਲਾਂ ਵੇਖੇ ਕੌਣ?

ਇਸ ਸਭ ਕੁੱਝ ਦੇ ਬਾਵਜੂਦ ਵੀ ਸੁਰਜੀਤ ਜੱਜ, ਸੁਖਿੰਦਰ, ਸਰਬਜੀਤ ਸੋਹੀ, ਅਮਰਜੀਤ ਟਾਂਡਾ, ਅਮਰਜੀਤ ਕੌਂਕੇ , ਜਸਵੰਤ ਖਟਕੜ, ਅਰਵਿੰਦਰ ਕੌਰ ਕਾਕੜਾ, ਹਰਮੀਤ ਵਿਦਿਆਰਥੀ, ਡਾ. ਮੇਹਰ ਮਾਣਕ, ਸਰਬਜੀਤ ਬੈਂਸ, ਸ਼ਬਦੀਸ਼, ਨਵਤੇਜ ਗੜ੍ਹਦੀਵਾਲਾ ਅਤੇ ਕੁੱਝ ਹੋਰ ਕਵੀਆਂ ਦੀ ਕਵਿਤਾ ਪ੍ਰਚੱਲਤ ਵਿਆਪਕ ਪ੍ਰਣਾਲੀਆਂ, ਦਰਜੇਬੰਦੀਆਂ ਦੇ ਦਮਨ, ਸਤ੍ਹਾ ,ਸਥਾਪਤੀਆਂ ਦੇ ਵੱਖ ਵੱਖ ਰੂਪਾਂ, ਅਖ਼ੌਤੀ ਸੰਸਕਾਰਾਂ, ਦੰਭੀ ਵਿਹਾਰਾਂ ਅਤੇ ਸਿਰਜੇ ਜਾ ਰਹੇ ਖੋਖਲ਼ੇ ਭਰਮਾਉ ਨਿਖਾਰਾਂ ਦਾ ਪਾਜ ਉਘੇੜਦੀ ਹੋਈ ਸਮਿਆਂ ਨਾ਼ਲ ਦਸਤ ਪੰਜਾ ਲੈਂਦੀ ਵੇਖੀ ਜਾ ਸਕਦੀ ਹੈ ਪਰ ਪਿਛਲੇ ਦੋ ਦਹਾਕਿਆਂ ਤੋਂ ਜ਼ਿਆਦਾਤਰ ਪੰਜਾਬੀ ਸਾਹਿਤ ਵਿੱਚਲੀ ਬਹੁਤੀ ਕਵਿਤਾ ਸਵੈ ਤਸੱਲੀ ਜਾਂ ਤਰੱਕੀ 'ਤੇ ਹੀ ਕੇਂਦਰਿਤ ਰਹੀ ਹੈ। ਸਮਾਜ ਦੀ ਬਹੁ ਵੱਸੋਂ ਨਾਲੋਂ ਟੁੱਟਿਆ ਸ਼ਹਿਰੀ ਤਰਜ਼ 'ਤੇ ਨਿਜ਼ਾਮੀ ਵਰਗ ਦਾ ਸਿਰਜਿਆ ਸਾਹਿਤ ਕਦੇ ਵੀ ਆਵਾਮੀ ਤੌਰ 'ਤੇ ਪ੍ਰਵਾਨਤ ਨਹੀਂ ਹੋ ਸਕਦਾ।ਇਸ ਕਰਕੇ ਇਹ ਥੀਮ, ਰੂਪ ਅਤੇ ਰੂਹ ਪੱਖੋਂ ਅਵਾਮ ਤੋਂ ਕੋਹਾਂ ਦੂਰ ਚਲਾ ਗਿਆ ਹੈ। ਸਾਹਿਤਕ ਪ੍ਰੇਮੀਆਂ ਨੂੰ ਇਨ੍ਹਾਂ ਮਸਲਿਆਂ ਨੂੰ ਗੰਭੀਰਤਾ ਨਾ਼ਲ ਵਿਚਾਰਨ ਦੀ ਜਰੂਰਤ ਹੈ ਕਿਉਂਕਿ ਕਵਿਤਾ ਜਿਥੇ ਮਨੁੱਖੀ ਮਨ ਨੂੰ ਤਸਕੀਨ ਦਿੰਦੀ ਹੈ ਉਥੇ ਹੀ ਇਹ ਮਨੁੱਖੀ ਮਨ ਦੀ ਆਵਾਜ਼ ਵੀ ਹੁੰਦੀ ਹੈ ਜਿਸ ਦਾ ਬਿਖਰ ਕੇ ਮਨਫੀ ਹੋ ਜਾਣਾ ਮਾੜੇ ਪਲਾਂ ਦਾ ਸੰਕੇਤ ਹੁੰਦਾ ਹੈ।



**ਡਾ. ਮੇਹਰ ਮਾਣਕ ਰਾਇਤ**
**ਬਾਹਰਾ ਯੂਨੀਵਰਸਿਟੀ,**

## ਵਿਧਾਇਕ ਨੇ ਵਾਰਡ ਨੰਬਰ 43 ਦੇ ਮੁਹੱਲਾ ਕਮਾਲਪੁਰ 'ਚ ਬੇਰੀ ਵਾਲੇ ਚੌਕ ਨਿਰਮਾਣ ਕਾਰਜ ਦੀ ਕਰਵਾਈ ਸ਼ੁਰੂਆਤ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)**

ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਵਾਰਡ ਨੰਬਰ 43, ਮੁਹੱਲਾ ਕਮਾਲਪੁਰ ਵਿਖੇ 17.50 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਬੇਰੀ ਵਾਲੇ ਚੌਕ ਨਿਰਮਾਣ ਕਾਰਜ਼ ਦੀ ਰਸਮੀ ਤੌਰ 'ਤੇ ਸ਼ੁਰੂਆਤ ਕੀਤੀ। ਇਸ ਚੌਕ ਦਾ ਹਲਕੇ ਵਿਚ ਧਾਰਮਿਕ ਮਹੱਤਵ ਬਹੁਤ ਗਹਿਰਾ ਹੈ ਅਤੇ ਇਹ ਕਈ ਧਾਰਮਿਕ ਸਮਾਗਮਾਂ ਦਾ ਕੇਂਦਰ ਰਿਹਾ ਹੈ। ਇਸ ਮੌਕੇ ਵਿਧਾਇਕ ਜਿੰਪਾ ਨੇ ਦੱਸਿਆ ਕਿ ਪਿਛਲੇ ਢਾਈ ਸਾਲਾਂ ਵਿਚ ਨਗਰ ਨਿਗਮ ਹੁਸ਼ਿਆਰਪੁਰ ਵਿਚ 35 ਕਰੋੜ ਰੁਪਏ ਦੇ ਵਿਕਾਸ ਕਾਰਜ ਪੂਰੇ ਕੀਤੇ ਜਾ ਚੁੱਕੇ ਹਨ। ਇਨ੍ਹਾਂ ਪ੍ਰੋਜੈਕਟਾਂ ਦਾ ਉਦੇਸ਼ ਸ਼ਹਿਰਵਾਸੀਆਂ ਨੂੰ ਆਧੁਨਿਕ ਸੁਵਿਧਾਵਾਂ ਪ੍ਰਦਾਨ ਕਰਨਾ ਅਤੇ ਸ਼ਹਿਰ ਦੇ ਸਮੁਚੇ ਵਿਕਾਸ ਨੂੰ ਬੜ੍ਹਾਵਾ ਦੇਣਾ ਹੈ। ਉਨ੍ਹਾਂ ਜਾਣਕਾਰੀ ਦਿੱਤੀ ਕਿ ਹੁਸ਼ਿਆਰਪੁਰ ਤਹਿਸੀਲ ਕੰਪਲੈਕਸ ਦਾ ਨਵੀਨੀਕਰਨ ਦਾ ਕੰਮ ਤੇਜ਼ੀ ਨਾਲ ਹੋ ਰਿਹਾ ਹੈ। ਇਸ ਦੇ ਨਾਲ ਹੀ ਪਿੰਡ ਬਜਵਾੜਾ ਵਿਚ ਸੀਵਰੇਜ਼ ਪਾਈਪ ਲਾਈਨ ਵਿਛਾਉਣ ਦਾ ਕੰਮ ਵੀ ਹੋ ਰਿਹਾ ਹੈ ਜੋ ਪੇਂਡੂ ਹਲਕੇ ਨੂੰ ਬਿਹਤਰ ਬੁਨਿਆਦੀ ਸੁਵਿਧਾਵਾਂ ਜੋੜਨ ਦੀ ਦਿਸ਼ਾ ਵਿਚ ਇਕ ਮਹੱਤਵਪੂਰਨ ਕਦਮ ਹੈ। ਸ਼ਹਿਰ ਨੂੰ ਆਧੁਨਿਕ ਬਣਾਉਣ ਦੇ ਯਤਨਾਂ ਵਿਚ ਇਕ ਨਵੀਂ ਫੂਡ ਸਟਰੀਟ ਦਾ ਵਿਕਾਸ ਕੀਤਾ ਗਿਆ ਜੋ ਸਥਾਨਕ ਨਿਵਾਸੀਆ ਅਤੇ ਸੈਰ ਸਪਾਟੇ ਲਈ ਆਕਰਸ਼ਣ ਦਾ ਕੇਂਦਰ ਬਣੇਗੀ। ਇਸ ਤੋਂ ਇਲਾਵਾ ਡੰਪ ਫਰੀ ਯੋਜਨਾ 'ਤੇ ਤੇਜ਼ੀ ਨਾਲ ਕੰਮ ਕੀਤਾ ਕੀਤਾ ਜਾ ਰਿਹਾ ਹੈ। ਵਿਧਾਇਕ ਨੇ ਦੱਸਿਆ ਕਿ ਸ਼ਹਿਰ ਦੇ ਸੁੰਦਰੀਕਰਨ ਅਤੇ ਸਫ਼ਾਈ 'ਤੇ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ। ਇਸ ਲਈ ਨਗਰ ਨਿਗਮ ਨੇ ਅਤਿ-ਆਧੁਨਿਕ ਸਫ਼ਾਈ ਮਸ਼ੀਨਾਂ ਖਰੀਦੀਆਂ ਹਨ ਤਾਂ ਜੋ ਸ਼ਹਿਰ ਨੂੰ ਸਾਫ਼-ਸੁਥਰਾ ਅਤੇ ਸੁੰਦਰ ਬਣਾਇਆ ਜਾ ਸਕੇ। ਇਸ ਮੌਕੇ ਮੇਅਰ ਸੁਰਿੰਦਰ ਕੁਮਾਰ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ, ਡਿਪਟੀ ਮੇਅਰ ਰਣਜੀਤ ਚੌਧਰੀ ਅਤੇ ਕੌਂਸਲਰ ਆਸ਼ਾ ਦੱਤਾ, ਅਮਰਜੀਤ ਸ਼ਰਮਾ, ਵਿਨੇ ਖੰਨਾ ਅਤੇ ਹਰਮਨਜੀਤ ਸਿੰਘ ਵਾਲੀਆ ਸਮੇਤ ਕਈ ਪਤਵੰਤੇ ਵਿਅਕਤੀਆਂ ਮੌਜੂਦ ਸਨ।

## ਅੱਖਾਂ ਦਾ ਮੁਫਤ ਆਪ੍ਰੇਸ਼ਨ ਤੇ ਚੈੱਕ-ਅੱਪ ਕੈਂਪ 16 ਮਾਰਚ ਨੂੰ

**ਫਿਲੌਰ/ਅੱਪਰਾ (ਦੀਪਾ)**-ਸਵ. ਬੀਬੀ ਬਖਸ਼ੀਸ਼ ਕੌਰ ਪਤਨੀ ਬਿਸ਼ਪ ਗੁਰਨਾਮ ਦਾਸ ਤੇ ਮਾਤਾ ਪਾਸਟਰ ਹਰਜਿੰਦਰ ਕੁਮਾਰ ਸੋਨੂੰ ਦੀ ਨਿੱਘੀ ਤੇ ਮਿੱਠੀ ਯਾਦ 'ਚ ਅੱਖਾਂ ਦਾ ਮੁਫਤ ਆਪ੍ਰੇਸ਼ਨ ਤੇ ਚੈੱਕ-ਅੱਪ ਕੈਂਪ ਚਰਚ ਆਫ ਅਲਮਾਇਟੀ ਗੋਡ ਵੈੱਲਫੇਅਰ ਸੋਸਾਇਟੀ ਤੂਰਾ (ਅੱਪਰਾ ਤੋਂ ਮੁਕੰਦਪੁਰ ਰੋਡ) ਵਿਖੇ 16 ਮਾਰਚ ਦਿਨ ਐਤਵਾਰ ਨੂੰ ਸਵੇਰੇ 10 ਵਜੇ ਤੋਂ 1 ਵਜੇ ਤੱਕ ਲਗਾਇਆ ਜਾ ਰਿਹਾ ਹੈ । ਇਸ ਮੌਕੇ ਡਾ. ਦੇਵਅਸ਼ੀਸ਼ ਸੇਠ (ਡਾ. ਸੇਠ ਅੱਖਾਂ ਦਾ ਹਸਪਤਾਲ) ਮੁਕੰਦਪੁਰ ਰੋਡ ਬੰਗਾ ਵਾਲੇ ਆਏ ਹੋਏ ਮਰੀਜ਼ਾਂ ਦਾ ਚੈੱਕ-ਅੱਪ ਕਰਨਗੇ । ਇਸ ਮੌਕੇ ਜ਼ਰੂਰਤਮੰਦ ਮਰੀਜ਼ਾਂ ਦੇ ਮੁਫਤ ਆਪ੍ਰੇਸ਼ਨ ਕੀਤੇ ਜਾਣਗੇ ਤੇ ਲੋੜਵੰਦ ਮਰੀਜ਼ਾਂ ਨੂੰ ਫਰੀ, ਦਵਾਈਆਂ ਤੇ ਐਨਕਾਂ ਦਿੱਤੀਆਂ ਜਾਣਗੀਆਂ ।

## ਥਾਣਾ ਬੁੱਲੋਵਾਲ ਦੀ ਪੁਲਿਸ ਨੇ 35 ਗ੍ਰਾਮ ਨਸ਼ੀਲੇ ਪਦਾਰਥ ਸਮੇਤ ਇੱਕ ਵਿਅਕਤੀ ਨੂੰ ਦਬੋਚਿਆ

**ਹੁਸ਼ਿਆਰਪੁਰ ( ਤਰਸੇਮ ਦੀਵਾਨਾ )** ਪੰਜਾਬ ਸਰਕਾਰ ਦੀਆ ਹਦਾਇਤਾ ਅਨੁਸਾਰ ਮਾੜੇ ਅਨਸਰਾ ਅਤੇ ਨਸ਼ੇ ਦੇ ਤਸਕਰਾ ਨੂੰ ਕਾਬੂ ਕਰਨ ਲਈ ਵਿਸ਼ੇਸ਼ ਮੁਹਿੰਮ ਚਾਲੂ ਕੀਤੀ ਗਈ ਹੈ। ਜਿਸ ਅਧੀਨ ਸੰਦੀਪ ਕੁਮਾਰ ਮਲਿਕ ਆਈਪੀਐਸ ਸੀਨੀਅਰ ਪੁਲਿਸ ਕਪਤਾਨ ਹੁਸ਼ਿਆਰਪੁਰ ਵਲੋ ਦਿੱਤੇ ਨਿਰਦੇਸ਼ਾ ਦੀ ਰਹਿਨੁਮਾਈ ਹੇਠ ਸਰਬਜੀਤ ਸਿੰਘ ਬਾਹੀਆ ਸਾਹਿਬ ਪੀ ਪੀ ਐਸ ਪੁਲਿਸ ਕਪਤਾਨ ਤਫਤੀਸ਼ ਹੁਸ਼ਿਆਰਪੁਰ ਅਤੇ ਨਰਿੰਦਰ ਸਿੰਘ ਪੀ ਪੀ ਐਸ ਉਪ



ਕਪਤਾਨ ਪੁਲਿਸ ਸਬ ਡਵੀਜਨ ਰੂਰਲ ਹੁਸ਼ਿਆਰਪੁਰ ਦੀਆਂ ਹਦਾਇਤਾਂ ਅਨੁਸਾਰ ਸਬ ਇੰਸਪੈਕਟਰ ਰਮਨ ਕੁਮਾਰ ਮੁੱਖ ਅਫਸਰ ਥਾਣਾ ਬੁਲੋਵਾਲ, ਹੁਸ਼ਿਆਰਪੁਰ ਦੀ ਦੇਖ ਰੇਖ ਹੇਠ ਐਸ ਆਈ ਮਨਿੰਦਰ ਸਿੰਘ ਸਮੇਤ ਪੁਲਿਸ ਪਾਰਟੀ ਵਲੋਂ ਗਸ਼ਤ ਦੌਰਾਨ ਪਿੰਡ ਤਾਰਾਗੜ ਤੋਂ ਨੋਜਵਾਨ ਨੂੰ ਕਾਬੂ ਕੀਤਾ ਜਿਸ ਨੇ ਆਪਣਾਂ ਨਾਮ ਮਨਜੀਤ ਸਿੰਘ ਉਰਫ ਮੰਨਾ ਪੁੱਤਰ ਅਮਰੀਕ ਸਿੰਘ ਵਾਸੀ ਆਲੋਵਾਲ ਥਾਣਾ ਬੁਲੋਵਾਲ ਦੱਸਿਆ ਤੇ ਉਕਤ ਵਿਆਕਤੀ ਦੀ ਤਲਾਸ਼ੀ ਲੈਣ ਤੇ ਉਸ ਵਿਅਕਤੀ ਕੋਲੋਂ 35 ਗ੍ਰਾਮ ਨਸ਼ੀਲਾ ਪਦਾਰਥ ਬ੍ਰਾਮਦ ਕੀਤਾ ਗਿਆ। ਪੁਲਿਸ ਅਧਿਕਾਰੀਆ ਨੇ ਦੱਸਿਆ ਕਿ ਕਥਿਤ ਦੋਸ਼ੀ ਮਨਜੀਤ ਸਿੰਘ ਉਰਫ ਮੰਨਾ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਪੁਲਿਸ ਰਿਮਾਂਡ ਹਾਸਿਲ ਕਰਕੇ ਬਰੀਕੀ ਨਾਲ ਪੁੱਛ ਗਿੱਛ ਜਾਵੇਗੀ।

**ਫੋਟੋ ਅਜਮੇਰ ਦੀਵਾਨਾ**

## ਥਾਣੇ ਦਾ ਇੰਚਾਰਜ ਤੇ ਪਿੰਡ ਦਾ ਸਰਪੰਚ ਚਾਹੇ ਤਾਂ ਨਸ਼ਾ ਕਦੇ ਵੀ ਨਹੀਂ ਵਿੱਕ ਸਕਦਾ : ਖੋਸਲਾ



**ਹੁਸ਼ਿਆਰਪੁਰ ( ਤਰਸੇਮ ਦੀਵਾਨਾ )** ਡੇਮੋਕਰੇਟਿਕ ਭਾਰਤੀਯ ਲੋਕ ਦਲ ਦੀ ਇੱਕ ਅਹਿਮ ਮੀਟਿੰਗ ਪਿੰਡ ਥੀਗਲੀ ਯੂਨਿਟ ਪ੍ਰਧਾਨ ਸੁਲੱਖਣ ਸਿੰਘ ਦੇ ਗ੍ਰਹਿ ਵਿਖੇ ਪਾਰਟੀ ਦੇ ਰਾਸ਼ਟਰੀ ਪ੍ਰਧਾਨ ਗੁਰਮੁਖ ਸਿੰਘ ਖੋਸਲਾ ਦੀ ਅਗਵਾਈ ਹੇਠ ਕੀਤੀ ਗਈ! ਇਸ ਮੌਕੇ ਡੇਮੋਕ੍ਰੇਟਿਕ ਭਾਰਤੀਯ ਲੋਕ ਦਲ ਵਿਚ ਨਵੀਆਂ ਨਿਯੁਕਤੀਆਂ ਕਰਦੇ ਹੋਏ ਲਵਪ੍ਰੀਤ ਸਿੰਘ ਨੂੰ ਪ੍ਰਧਾਨ ਸਰਕਲ ਕਰਤਾਰਪੁਰ, ਪਰਵੇਜ ਅਖਤਰ ਪ੍ਰਧਾਨ ਯੂਨਿਟ ਸ਼ੇਖੂਪੁਰ, ਸਾਬ ਸਿੰਘ ਉਪ ਪ੍ਰਧਾਨ ਯੂਨਿਟ ਥੀਗਲੀ, ਬਲਵਿੰਦਰ ਸਿੰਘ ਸਕੱਤਰ ਯੂਨਿਟ ਥੀਗਲੀ,ਬਲਵੀਰ ਸਿੰਘ ਜਨਰਲ ਸਕੱਤਰ ਯੂਨਿਟ ਥੀਗਲੀ,ਬਖਸ਼ੀਸ਼ ਸਿੰਘ ਪ੍ਰਧਾਨ ਯੂਨਿਟ ਕਾਹਲਵਾਂ, ਭੁਪਿੰਦਰ ਸਿੰਘ ਅਡਵਾਈਜ਼ਰ ਯੂਨਿਟ ਥਿਗਲੀ, ਸੋਹਨ ਲਾਲ ਪ੍ਰਧਾਨ ਯੂਨਿਟ ਜੈਨ ਪੁਰ ਤੋਂ ਨਿੱਯੁਕਤ ਕੀਤਾ ਗਿਆ! ਗੁਰਮੁੱਖ ਸਿੰਘ ਖੋਸਲਾ ਨੇ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਸ਼ੁਰੂ ਤੋ ਲੈਕੇ ਹੁਣ ਤੱਕ ਨਸ਼ਿਆਂ ਨੂੰ ਮੁੱਦਾ ਬਣਾ ਕੇ ਸਰਕਾਰਾਂ ਬਣਦੀਆਂ ਰਹੀਆਂ ਹਨ, ਇੱਕ ਦੂਸਰੇ ਨੂੰ ਭੰਡ ਕੇ ਪਹਿਲੀ ਸਰਕਾਰ ਸਿਰ ਠੀਕਰਾ ਭੰਨ ਕੇ ਆਪ ਦੀ ਸਰਕਾਰ ਬਣਨ ਤੋਂ ਬਾਅਦ ਨਸ਼ਿਆਂ ਦਾ ਪੰਜਾਬ ਦੀ ਧਰਤੀ ਤੋਂ ਨਾਮੋ ਨਿਸ਼ਾਨ ਮਿਟਾਉਣ ਦੇ ਵਾਅਦੇ ਕਸਮਾਂ ਖਾ ਕੇ ਸਰਕਾਰ ਬਣਾ ਕੇ ਮੁੜ ਆਪਣੀਆਂ ਕਸਮਾਂ ਨੂੰ ਭੁੱਲ ਜਾਂਦੇ ਹਨ । ਉਹਨਾਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਨੇ ਗੁਟਕਾ ਸਾਹਿਬ ਨੂੰ ਹੱਥ ਵਿੱਚ ਵਿੱਚ ਲੈ ਕੇ ਕਸਮ ਖਾਦੀ ਸੀ ਕਿ ਪੰਜਾਬ ਦੀ ਧਰਤੀ ਤੋਂ ਨਸ਼ਾ ਚਾਰ ਹਫ਼ਤਿਆਂ ਵਿਚ ਖ਼ਤਮ ਕਰ ਦਿੱਤਾ ਜਾਵੇਗਾ ਪ੍ਰੰਤੂ ਕਈ ਸਾਲ ਬੀਤ ਗਏ ਨਸ਼ਾ ਖ਼ਤਮ ਤਾ ਕੀ ਹੋਣਾ ਸੀ ਉਲਟਾ ਪਹਿਲੇ ਨਾਲੋਂ ਕਈ ਗੁਣਾ ਵਧਿਆ ਹੈ ! ਉਹਨਾਂ ਕਿਹਾ ਕਿ ਸਰਕਾਰ ਕਿਸੇ ਵੀ ਪਾਰਟੀ ਦੀ ਹੋਵੇ ਪਰ ਨਸ਼ੇ ਦੇ ਸੌਦਾਗਰਾਂ ਦੀਆਂ ਹਮੇਸ਼ਾਂ ਪੌ ਬਾਰਾਂ ਹੀ ਰਹਿੰਦੀਆਂ ਹਨ ਜਿਸ ਕਰਕੇ ਨਸ਼ਾ ਸ਼ਰੇਆਮ ਹਰ ਜਗ੍ਹਾ ਤੋਂ ਮਿਲਦਾ ਹੈ ਜਿਸਦੀਆਂ ਅਨੇਕਾਂ ਮਿਸਾਲਾ ਹਨ ਤਾਜ਼ਾ ਮਿਸਾਲ ਲੁਧਿਆਣਾ ਜ਼ਿਲ੍ਹੇ ਨਾਲ ਸਬੰਧਿਤ ਇੱਕ ਔਰਤ ਨਸ਼ਾ ਤਸਕਰ ਵਲੋਂ ਸ਼ਰੇਆਮ ਗੁੰਡਾਗਰਦੀ ਕਰਕੇ ਲਲਕਾਰਦੀ ਹੈ ਕਿ ਮੈ ਨਸ਼ਾ ਪਹਿਲਾ ਵੀ ਵੇਚਦੀ ਸੀ ਤੇ ਹੁਣ ਵੀ ਵੇਚਦੀ ਹਾ ਜੇ ਕਿਸੇ 'ਚ ਹਿੰਮਤ ਹੈ ਤਾ ਮੈਨੂੰ ਰੋਕ ਕੇ ਦਿਖਾਓ? ਉਹਨਾਂ ਕਿਹਾ ਕਿ ਇਸ ਲਲਕਾਰ ਪਿੱਛੇ ਵੀ ਮਹੀਨਾ ਭਰ ਦੀ ਗਵਾਹੀ ਬੋਲਦੀ ਹੈ ਐਵੇਂ ਨਹੀਂ ਸ਼ਰੇਆਮ ਬੜਕਾਂ ਵੱਜਦੀਆਂ ,ਉਸ ਪਿੱਛੇ ਵੀ ਕੋਈ ਰਾਜ ਹੁੰਦਾ ਹੈ। ਉਹਨਾਂ ਕਿਹਾ ਕਿ ਥਾਣੇ ਦਾ ਇੰਚਾਰਜ ਤੇ ਪਿੰਡ ਦਾ ਸਰਪੰਚ ਚਾਹੇ ਤਾਂ ਨਸ਼ਾ ਨਹੀਂ ਵਿੱਕ ਸਕਦਾ ਸਰਪੰਚ ਦੀ ਪਾਵਰ ਤਾਂ ਬਹੁਤ ਛੋਟੀ ਹੈ, ਉਹ ਵੀ ਵੋਟਾਂ ਦੇ ਦਾਇਰੇ ਵਿਚ ਬੱਝਾ ਹੁੰਦਾ ਹੈ, ਪਰ ਅਗਰ ਥਾਣੇ ਦੇ ਇੰਚਾਰਜ ਨੂੰ ਐਮ ਐਲ ਏ, ਜਾਂ ਉਸਦੇ ਸੀਨੀਅਰ ਅਫ਼ਸਰ ਦਾ ਫੋਨ ਨਸ਼ਾ ਤਸਕਰ ਦੇ ਹੱਕ ਵਿੱਚ ਨਾ ਆਵੇ ਤੇ ਉਹ ਇੰਚਾਰਜ ਦਿਲੋਂ ਸਾਫ ਹੋ ਕੇ ਨਸ਼ਾ ਤਸਕਰਾਂ ਤੇ ਸ਼ਿਕੰਜਾ ਕੱਸੇ ਤਾ ਨਸ਼ਾ ਤਸਕਰਾਂ ਦੀ ਕੀ ਮਿਜਾਲ ਹੈ ਉਹ ਨਸ਼ਾ ਵੇਚ ਜਾਣ । ਉਹਨਾਂ ਕਿਹਾ ਕਿ ਅੱਜ ਦੇ ਸਮੇਂ ਵਿੱਚ ਨਸ਼ਾ ਪੰਜਾਬ ਲਈ ਬਹੁਤ ਵੱਡੀ ਵੰਗਾਰ ਹੈ। ਉਹਨਾਂ ਕਿਹਾ ਕਿ ਸਰਕਾਰ ਨੇ ਲੁਧਿਆਣੇ ਵਾਲੀ ਵੱਡੀ ਤਸਕਰ ਦੇ ਘਰ ਤੇ ਬੁਲਡੋਜਰ ਚਲਾਇਆ ਬਹੁਤ ਹੀ ਚੰਗੀ ਕਾਰਵਾਈ ਹੈ ਅੱਗੇ ਤੋ ਵੀ ਜਾਰੀ ਰਹਿਣੀ ਚਾਹੀਦੀ ਹੈ ਕਿਉਂਕਿ ਇਸ ਨਾਲ ਬਾਕੀ ਤਸਕਰਾਂ ਦੀ ਰੂਹ ਨੂੰ ਵੀ ਕੰਬਣੀ ਛਿੜੂਗੀ, ਉਹਨਾਂ ਕਿਹਾ ਕੀ ਬਿਨਾਂ ਕਿਸੇ ਦੀ ਸਰਪ੍ਰਸਤੀ ਤੋਂ ਕੋਈ ਵੀ ਨਸ਼ੇ ਦਾ ਸੌਦਾਗਰ ਨਹੀਂ ਬਣਦਾ ਹੈ । ਉਹਨਾਂ ਕਿਹਾ ਕਿ ਆਉ ਸਾਰੇ ਰਲ ਮਿਲ ਕੇ ਇਸ ਨਾਮੁਰਾਦ ਕੋਹੜ ਰੂਪੀ ਬਿਮਾਰੀ ਦਾ ਵਿਰੋਧ ਕਰੀਏ ਤਾਂ ਹੀ ਅਸੀਂ ਆਪਣੀਆਂ ਨਸਲਾਂ ਨੂੰ ਬਚਾ ਸਕਦੇ ਹਾਂ। ਇੱਕ ਦੂਸਰੇ ਦੇ ਪਾਲ਼ੇ ਵਿਚ ਗੇਂਦ ਸੁੱਟਣ ਦੇ ਨਾਲ ਮਸਲਾ ਹੱਲ ਨਹੀਂ ਹੋਣਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੁੱਖਦੇਵ ਸਿੰਘ ਪੱਤੜ ਪ੍ਰਧਾਨ ਜਿਲ੍ਹਾ ਜਲੰਧਰ, ਰਾਮ ਸਿੰਘ ਪ੍ਰਧਾਨ ਵਿਧਾਨ ਸਭਾ ਹਲਕਾ ਕਰਤਾਰ ਪੁਰ, ਵਿਕਰਮਜੀਤ ਉਪ ਪ੍ਰਧਾਨ ਥੀਗਲੀ ਆਦਿ ਸਾਥੀ ਮੌਜੂਦ ਸਨ !

**ਫੋਟੋ ਅਜਮੇਰ ਦੀਵਾਨਾ**

## ਮਜਦੂਰ-ਨੌਜਵਾਨ ਜਥੇਬੰਦੀਆਂ ਨੇ ਮਨਾਇਆ ਕੌਮਾਂਤਰੀ ਮਜਦੂਰ ਔਰਤ ਦਿਹਾੜਾ

**ਚੰਡੀਗੜ੍ਹ (ਸਤਨਾਮ ਸਿੰਘ ਸਹੂੰਗੜਾ)**

ਕਾਰਖਾਨਾ ਮਜਦੂਰ ਯੂਨੀਅਨ, ਚੰਡੀਗੜ੍ਹ ਤੇ ਨੌਜਵਾਨ ਭਾਰਤ ਸਭਾ ਵੱਲੋਂ ਹੱਲੋਮਾਜਰਾ ਵਿਖੇ ਕੌਮਾਂਤਰੀ ਮਜਦੂਰ ਔਰਤ ਦਿਹਾੜਾ (8 ਮਾਰਚ) ਮਨਾਇਆ ਗਿਆ। ਇਸ ਮੌਕੇ ਇਲ-ਾਕੇ ਦੀਆਂ ਔਰਤਾਂ ਤੇ ਨੌਜਵਾਨਾਂ ਨੇ ਮਾਰਚ ਕੱਢਕੇ ਲੋਕਾਂ ਨੂੰ ਜਾਗਰੂਕ ਕੀਤਾ। ਦਿਹਾੜੇ ਮੌਕੇ ਬੁਲਾਰਿਆਂ ਨੇ ਦੱਸਿਆ ਕਿ ਅੱਜ ਕੌਮਾਂਤਰੀ ਮਜਦੂਰ ਔਰਤ ਦਿਹਾੜੇ ਨੂੰ ਸਿਰਫ ਇੱਕ ਤੋਹਫੇ ਲੈਣ ਦੇਣ, ਪਾਰਟੀਆਂ ਕਰਨ, ਸ਼ੌਪਿੰਗ ਮਾਲਾਂ 'ਚ ਔਰਤਾਂ ਲਈ ਖਰੀਦਦਾਰੀ ਤੇ ਛੋਟ ਤੱਕ ਹੀ ਸੀਮਤ ਕਰ ਦਿੱਤਾ ਗਿਆ ਹੈ ਪਰ ਅੱਜ ਇਹ ਨਹੀਂ ਦੱਸਿਆ ਜਾਂਦਾ ਕਿ ਇਹ ਦਿਹਾੜਾ ਔਰਤ ਮਜਦੂਰਾਂ ਦੇ ਸੰਘਰਸ਼ਾਂ ਦਾ ਪ੍ਰਤੀਕ ਹੈ। ਮਜਦੂਰ ਔਰਤਾਂ ਦੇ ਇਹਨਾਂ ਸੰਘਰਸ਼ਾਂ ਸਦਕਾ ਹੀ ਪੂਰੀ ਦੁਨੀਆ 'ਚ ਔਰਤਾਂ ਨੇ ਪਹਿਲੀ ਵਾਰ ਵੋਟ ਪਾਉਣ ਦਾ ਹੱਕ ਹਾਸਲ ਕੀਤਾ ਸੀ। ਔਰਤਾਂ ਦੀ ਬਹਾਦਰੀ ਤੇ ਸੰਘਰਸ਼ਾਂ ਦੇ ਪ੍ਰਤੀਕ ਕੌਮਾਂਤਰੀ ਮਜਦੂਰ ਔਰਤ ਦਿਹਾੜੇ 8 ਮਾਰਚ ਦੇ ਸ਼ਾਨਾਮੱਤੇ ਇਤਿਹਾਸ ਬਾਰੇ ਗੱਲਬਾਤ ਕੀਤੀ ਗਈ ਕਿ ਔਰਤਾਂ ਨੇ ਆਪਣੇ ਹੱਕਾਂ ਲਈ ਆਪਣੇ ਦਮ 'ਤੇ ਸੰਘਰਸ਼ ਲੜੇ ਤੇ ਸਮਾਜ ਵਿੱਚ ਹਰ ਤਰ੍ਹਾਂ ਦੀ ਲੁੱਟ, ਜਬਰ ਤੇ ਅਨਿਆਂ ਖਿਲਾਫ ਆਪਣੀ ਅਵਾਜ ਬੁਲੰਦ ਕੀਤੀ। ਅੱਜ ਤੱਕ ਹੋਈਆਂ ਸਾਰੀਆਂ ਸਮਾਜਿਕ ਤਬਦੀਲੀਆਂ ਵਿੱਚ ਔਰਤਾਂ ਦੀ ਬਰਾਬਰ ਦੀ ਸ਼ਮੂਲੀਅਤ ਰਹੀ ਹੈ। ਸਾਨੂੰ ਉਹਨਾਂ ਬਹਾਦਰ ਮਜਦੂਰ ਔਰਤਾਂ ਤੋਂ ਪ੍ਰੇਰਨਾ ਲੈਂਦੇ ਹੋਏ ਅੱਜ ਵੀ ਸੰਘਰਸ਼ਾਂ ਦੇ ਰਾਹ ਪੈਣ ਦੀ ਲੋੜ ਹੈ ਕਿਉਂਕਿ ਭਾਰਤ ਵਰਗੇ ਪਛੜੇ ਦੇਸ਼ 'ਚ ਅੱਜ ਜਦੋਂ ਅਸੀਂ 'ਔਰਤ' ਸ਼ਬਦ ਇਸਤੇਮਾਲ ਕਰਦੇ ਹਾਂ ਤਾਂ ਸਾਡੇ ਸਮਾਜ 'ਚ ਲਾਜਮੀ ਹੀ ਪਰਿਵਾਰ, ਜੁੰਮੇਵਾਰੀ, ਇੱਜਤ, ਵਿਆਹ, ਸੰਸਕਾਰ, ਵਾਰਸ ਪੈਦਾ ਕਰਨ, ਆਦਿ ਸ਼ਬਦ ਜੋੜ ਦਿੱਤੇ ਜਾਂਦੇ ਨੇ। ਔਰਤਾਂ ਨੂੰ ਸਾਡੇ ਸਮਾਜ 'ਚ ਹੱਡ ਮਾਸ ਦਾ ਟੁਕੜਾ ਹੀ ਸਮਝਿਆ ਜਾਂਦਾ ਹੈ। ਸਾਡੇ ਸਮਾਜ ਵਿੱਚ ਔਰਤਾਂ ਨੂੰ ਮਰਦਾਂ ਦੇ ਬਰਾਬਰ ਦਾ ਮਨੁੱਖ ਹੋਣ ਦਾ ਦਰਜਾ ਵੀ ਪ੍ਰਾਪਤ




ਨਹੀਂ ਹੈ। ਸਾਡੇ ਸਮਾਜ ਵਿੱਚ ਔਰਤਾਂ ਦੀਆਂ ਹਾਲਤਾਂ ਬਦ ਤੋਂ ਬਦਤਰ ਹੁੰਦੀਆਂ ਜਾ ਰਹੀਆਂ ਹਨ। ਔਰਤਾਂ ਵਿਰੁੱਧ ਹੋਣ ਵਾਲ਼ੇ ਅਪਰਾਧ ਦਿਨੋ-ਦਿਨ ਵਧਦੇ ਜਾ ਰਹੇ ਹਨ। ਬਲਾਤਕਾਰ, ਦਹੇਜ ਲਈ ਮਾਰ ਦੇਣ, ਛੇੜਛਾੜ ਦੀਆਂ ਖਬਰਾਂ ਆਮ ਸੁਣਨ ਨੂੰ ਮਿਲ਼ਦੀਆਂ ਹਨ। ਜੇ ਅਸੀਂ ਮਜਦੂਰ ਔਰਤਾਂ ਦੀ ਗੱਲ ਕਰੀਏ ਤਾਂ ਹਾਲਤਾਂ ਹੋਰ ਵੀ ਮਾੜੀਆਂ ਹਨ। ਉਹਨਾਂ 'ਤੇ ਕੰਮ ਦਾ ਦੂਣਾ ਬੋਝ ਹੁੰਦਾ ਹੈ। ਬੱਚਾ ਪੈਦਾ ਕਰਨ, ਉਸਦਾ ਪਾਲਣ ਪੋਸ਼ਣ ਕਰਨ, ਪਰਿਵਾਰ ਦੀ ਜੁੰਮੇਵਾਰੀ; ਇਸ ਸਭ ਤੋਂ ਬਾਅਦ ਉਹਨਾਂ ਨੂੰ ਬਾਹਰ ਔਖੀਆਂ ਹਾਲਤਾਂ 'ਚ ਕੰਮ ਕਰਨ ਜਾਣਾ ਪੈਂਦਾ ਹੈ। ਉਹਨਾਂ ਨੂੰ ਫੈਕਟਰੀਆਂ ਵਿੱਚ ਸਸਤੇ ਮਜਦੂਰਾਂ ਦੇ ਰੂਪ 'ਚ ਵਰਤਿਆ ਜਾਂਦਾ ਹੈ। ਫੈਕਟਰੀਆਂ 'ਚ ਕੋਈ ਸੁਰੱਖਿਆ ਦੇ ਪ੍ਰਬੰਧ ਨਹੀਂ। ਮਰਦਾਂ ਦੇ ਬਰਾਬਰ ਤਨਖਾਹ, ਛੁੱਟੀਆਂ ਦੇ ਪੈਸੇ, ਗਰਭਕਾਲ ਦੌਰਾਨ ਛੁੱਟੀ ਆਦਿ ਦਾ ਕੋਈ ਪ੍ਰਬੰਧ ਨਹੀਂ। ਘਰਾਂ ਵਿੱਚ ਪੀਸ ਰੇਟ 'ਤੇ ਕੰਮ ਕਰਨ ਵਾ਼ਲੀਆਂ ਔਰਤਾਂ 'ਤੇ ਕੋਈ ਕਿਰਤ ਕਨੂੰਨ ਲਾਗੂ ਨਹੀਂ ਹੁੰਦਾ ਨਾ ਹੀ ਉਹਨਾਂ ਦੇ ਕੰਮ ਦੇ ਘੰਟੇ ਤੈਅ ਹਨ। ਅੱਜ ਦੇ ਸਮੇਂ ਔਰਤਾਂ ਨੂੰ ਰਵਾਇਤੀ ਜੰਜੀਰਾਂ ਤੋੜ ਕੇ ਆਪਣੇ ਹੱਕਾਂ ਲਈ ਇੱਕਜੁੱਟ ਹੋਣ ਦੀ ਲੋੜ ਹੈ। ਉਹਨਾਂ ਨੂੰ ਸਮਾਜ ਵਿੱਚ ਚੱਲ ਰਹੇ ਜਮਾਤੀ ਖਹਿਭੇੜ ਵਿੱਚ ਆਵਦੇ ਮਰਦ ਸਾਥੀਆਂ ਨਾ਼ਲ ਮੋਢੇ ਨਾ਼ਲ ਮੋਢੇ ਜੋੜਕੇ ਅੱਗੇ ਵਧਣ ਦੀ ਲੋੜ ਹੈ ਅਤੇ ਇਸ ਲੜਾਈ ਨੂੰ ਨਿਰਣਾਇਕ ਸਿੱਟੇ ਤਾਈਂ ਪਹੁੰਚਾਉਂਦਿਆਂ ਸਮਾਜਵਾਦ ਦੀ ਉਸਾਰੀ ਤੱਕ ਲਿਜਾਣ ਦੀ ਜੱਦੋ ਜਹਿਦ ਕਰਨ ਦੀ ਲੋੜ ਹੈ।

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook.
samajweekly

ਸਾਨੂੰ ਐਕਸ ਤੇ ਫੌਲੋ ਕਰੋ

X @samajweekly

ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com